# ਕੈਨੇਡਾ ਦਰਪਣ

ਜੂਨ 15-30, 1988

**June 15-30, 1988**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

JUNE 15-30, 1988 Vol. 07 No. 17 Out of Greater Vancouver 75¢ Second Class Mail Reg. No. 5991

# ਕੈਨੇਡਾ ਦਰਪਣ

**The Canada Darpan** The Punjabi Newspaper

Ph. (604) 581-4473
P.O.BOX 265, Surrey, B.C. V3T 4W8

## ਵਿਲੀਅਮਜ਼ ਲੇਕ ਵਿਚ ਗਿਆਨ ਸਿੰਘ ਸੰਧੂ ਵਿਰੁੱਧ

# ਜ਼ਬਰਦਸਤ ਮੁਜ਼ਾਹਰਾ — ਕੇਸ ਪੁਲਸ ਕੋਲ

## ਖਾਲਿਸਤਾਨੀ ਅਖਬਾਰਾਂ ਦੇ ਦੰਦਲ ਪੈ ਗਈ

ਵਿਲੀਅਮਜ਼ਲੇਕ (ਬੀ. ਸੀ.) — ਇਥੋਂ ਛਪਦੇ ਅੰਗਰੇਜ਼ੀ ਦੇ ਅਖਬਾਰ 'ਵਿਲੀਅਮਜ਼ਲੇਕ ਟ੍ਰਿਬਿਊਨ' ਨੇ ਖਬਰ ਛਾਪੀ ਹੈ ਕਿ ਪਿਛਲੇਰੇ ਐਤਵਾਰ ਵਿਲੀਅਮਜ਼ਲੇਕ ਦੇ ਸੈਂਕੜੇ ਵਰਕਰਾਂ ਨੇ ਸਾਬਕਾ ਖਾਲਸਾ ਮਿਲ ਦੇ ਮਾਲਕ ਗਿਆਨ ਸਿੰਘ ਸੰਧੂ ਦੇ ਘਰ ਸਾਹਮਣੇ ਮੁਜ਼ਾਹਰਾ ਕੀਤਾ। ਮਿੱਲਾਂ ਦੇ ਵਰਕਰਾਂ ਨੇ ਉਨ੍ਹਾਂ ਸੱਤਾਂ ਮਿਲ ਕਾਮਿਆਂ ਦੇ ਹੱਕ ਵਿਚ ਇਹ ਮੁਜ਼ਾਹਰਾ ਕੀਤਾ ਜਿਨ੍ਹਾਂ ਕਥਿਤ ਦੋਸ਼ ਲਾਏ ਹਨ ਕਿ ਉਨ੍ਹਾਂ ਨਾਲ ਧੱਕਾ ਹੋਇਆ ਹੈ।

'ਟ੍ਰਿਬਿਊਨ' ਦੀ ਸਟਾਫ਼ ਰੀਪੋਰਟਰ ਗੇਲ ਫ਼ਰਰ ਨੇ ਲਿਖਿਆ ਹੈ ਕਿ ਮੁਜ਼ਾਹਰਾਕਾਰਾਂ ਨੇ ਪਿਕਟ ਸਾਈਨਾਂ ਲਾਈਆਂ ਹੋਈਆਂ ਸਨ ਅਤੇ 'ਮਜ਼ਦੂਰ ਜ਼ਿੰਦਾਬਾਦ' ਦੇ ਨਾਅਰੇ ਲਾ ਰਹੇ ਸਨ। ਇਨ੍ਹਾਂ ਮੁਜ਼ਾਹਰਾ ਕਰਨ ਵਾਲਿਆਂ ਵਿਚ ਔਰਤਾਂ ਅਤੇ ਬੱਚੇ ਵੀ ਸ਼ਾਮਲ ਸਨ। ਮੁਜ਼ਾਹਰਾਕਾਰ ਕਾਲਮਨੀਟਾ ਸਕੂਲ ਦੀ ਪਾਰਕਿੰਗ ਲਾਟ ਵਿਚ ਇਕੱਠੇ ਹੋਏ, ਉਥੋਂ ਵੈਸਟਰਨ ਐਵੇਨੀਊ ਰਾਹੀਂ ਸਮਿਥ ਸਟਰੀਟ ਤੇ ਬਾਊਂਡਰੀ ਰਾਹੀਂ ਸੰਧੂ ਦੇ ਘਰ ਸਾਹਮਣੇ ਇਕੱਠੇ ਹੋ ਗਏ।

### ਈਸਟ ਇੰਡੀਅਨ ਵਰਕਰਾਂ ਨੇ ਹਿੱਸਾ ਲਿਆ

ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਵਿਲੀਅਮਜ਼ਲੇਕ ਦੇ ਪ੍ਰਧਾਨ ਗੁਰਮੇਲ ਬੈਂਸ ਨੇ ਮੈਗਾਫੋਨ ਰਾਹੀਂ ਖਾਲਸਾ ਮਿਲ ਦੇ ਪੁਰਾਣੇ ਵਰਕਰਾਂ ਦੀਆਂ ਸ਼ਕਾਇਤਾਂ ਲੋਕਾਂ ਸਾਹਮਣੇ ਰੱਖੀਆਂ ਅਤੇ ਕਿਹਾ ਕਿ ਸਾਰੀ ਕਮਿਊਨਿਟੀ ਨੂੰ ਇਨ੍ਹਾਂ ਵਰਕਰਾਂ ਦੇ ਕਾਜ਼ ਖਾਤਰ ਅੱਗੇ ਆਉਣਾ ਚਾਹੀਦਾ ਹੈ।

### ਗਿਆਨ ਸਿੰਘ ਸੰਧੂ ਕਿੱਥੇ ਸੀ ?

ਖਬਰ ਵਿਚ ਕਿਹਾ ਗਿਆ ਹੈ ਕਿ ਰੈਲੀ ਸਮੇਂ ਗਿਆਨ ਸਿੰਘ ਸੰਧੂ ਕਿਸੇ ਧਾਰਮਿਕ ਮੀਟਿੰਗ ਵਿਚ ਗਿਆ ਹੋਇਆ ਸੀ। ਪਰ ਉਸਦੇ ਬਹੁਤ ਸਾਰੇ ਦੋਸਤ ਅਤੇ ਰਿਸ਼ਤੇਦਾਰ ਘਰ ਵਿਚੋਂ ਹੁੰਦੇ ਮੁਜ਼ਾਹਰੇ ਨੂੰ ਦੇਖਦੇ ਰਹੇ।

### ਕਹਾਣੀ ਕੀ ਹੈ ?

ਪੱਤਰਕਾਰ ਨੂੰ ਖਾਲਸਾ ਮਿਲ ਦੇ ਸੱਤਾਂ ਵਿਚ ਪੰਜਾਂ ਵਰਕਰਾਂ ਨੇ ਦੱਸਿਆ ਕਿ ਉਨ੍ਹਾਂ ਸੰਧੂ ਦੇ ਕਹਿਣ ਉਤੇ ਦਸ ਦਸ ਹਜ਼ਾਰ ਡਾਲਰ ਦੇ ਹਿੱਸੇ

ਬਾਕੀ ਪੰਨਾ 2 'ਤੇ

### ਵਿਲੀਅਮਜ਼ਲੇਕ ਵਿਚ ਗਿਆਨ ਸਿੰਘ ਸੰਧੂ ਦੇ ਘਰ ਸਾਹਮਣੇ ਮੁਜ਼ਾਹਰਾ





**Ph. 588-5808**

9373 - 120 St., (Scott Rd.),
Delta, B. C.



# ਏ. ਸੀ. ਜਿਊਲਰਜ਼

"TOUCH OF CLASS" INTERNATIONAL ENTERTAINMENT LTD.
PROUDLY PRESENTS

ਹਿੰਦੋਸਤਾਨ ਦੀਆਂ ਸਟੇਜਾਂ ਤੇ ਧੁੰਮਾਂ ਪਾਉਣ ਤੋਂ ਬਾਅਦ

ਅਮਰੀਕਾ, ਕਨੇਡਾ ਤੇ ਇੰਗਲੈਂਡ ਦੀ ਧਰਤੀ ਤੇ ਆ ਰਿਹਾ ਹੈ

**ਪੰਜਾਬੀ ਕਲਾਕਾਰਾਂ ਦਾ ਸਭ ਤੋਂ ਵੱਡਾ ਸ਼ੋਅ**




1987-88 ਵਿਚ ਹਿੰਦੋਸਤਾਨ ਦੀਆਂ ਸਟੇਜਾਂ ਤੇ — ਪੰਜਾਬੀ ਸਭਿਆਚਾਰ ਦੀ ਸਹੀ ਤਸਵੀਰ ਪੇਸ਼ ਕਰਦੀਆਂ ਤੇ — ਧੀਆਂ ਭੈਣਾਂ ਸੰਗ ਮਾਣ ਸਕਣ ਵਾਲੀਆਂ 27 ਸੁਪਰ ਹਿੱਟ ਸ਼ਾਮਾਂ ਦੇਣ ਤੋਂ ਬਾਅਦ — ਪੰਜ ਦਰਿਆ ਕਲਚਰ ਟਰੁਪ ਵਲੋਂ ਕੈਨੇਡਾ ਅਮਰੀਕਾ ਤੇ ਇੰਗਲੈਂਡ ਦੀ ਧਰਤੀ ਤੇ

**ਧਮਕ ਪੰਜਾਬ ਦੀ**

* ਜਿਸ ਵਿਚ — ਜੋੜੀ ਜਦੋਂ ਚੁਬਾਰੇ ਚੜ੍ਹਦੀ, ਘੱਗਰੇ ਦੀ ਲੌਣ ਭਿੱਜ ਗਈ, ਨਾ ਮਾਰ ਜਾਲਮਾਂ ਵੇ, ਫਾਟਕ ਕੋਟਕਪੂਰੇ ਦਾ ਵਰਗੇ 100 ਸੁਪਰ ਹਿੱਟ ਗੀਤਾਂ ਦਾ 'ਗੀਤਕਾਰ ਤੇ ਗਾਇਕ ਦੀਦਾਰ ਸੰਧੂ ਪਹਿਲੀ ਵਾਰ ਤੁਹਾਡੇ ਦਰਾਂ ਤੇ ਸੁਸ਼ਮਾ ਨਾਲ

* ਪੰਜਾਬੀ ਫਿਲਮਾਂ ਦੀਆਂ ਦੋਵੇਂ ਚੋਟੀ ਦੀਆਂ ਹੀਰੋਇਨਾਂ ਰਮਾਂ ਵਿਜ ਤੇ ਦਿਲਜੀਤ ਕੌਰ ਪਹਿਲੀ ਵਾਰ ਇਕੱਠੀਆਂ ਸਟੇਜ ਤੇ
* ਹਿੰਦੀ ਫਿਲਮਾਂ ਦੀ ਸਭ ਤੋਂ ਪ੍ਰਸਿਧ ਹਾਸ ਅਭਿਨੇਤਰੀ ਟੁਣ ਟੁਣ — ਜਿਸਦਾ ਪ੍ਰਸਿਧ ਗਾਣਾ 'ਅਫਸਾਨਾ ਲਿਖ ਰਹੀ ਹੂੰ' ਵੀ ਸੁਣੋਗੇ
* ਪੰਜਾਬੀ ਫਿਲਮਾਂ ਦੇ ਪ੍ਰਸਿਧ ਕਮੇਡੀਅਨ ਡਾ: ਸੁਰਿੰਦਰ ਸ਼ਰਮਾ ਸ਼ੋਅ ਕੰਮਪੀਅਰ ਕਰਨਗੇ —
* ਇਸ ਤੋਂ ਇਲਾਵਾ ਪੰਜਾਬੀ ਸਟੇਜ ਦਾ ਸ਼ਿਗਾਰ ਤੇ ਫਿਲਮ ਕਲਾਕਾਰ ਸਰੂਪ ਪਰਿੰਦਾ ਤੇ 10 ਹੋਰ ਕਲਾਕਾਰਾਂ ਦਾ ਗਰੁਪ —
* ਇਸ ਸ਼ੋਅ ਨੂੰ ਤਿਆਰ ਕੀਤਾ 'ਪੁੱਤ ਜੱਟਾਂ ਦੇ' ਤੇ 'ਪਟੋਲਾ' ਵਰਗੀਆਂ ਫਿਲਮਾਂ ਦੇ ਸਭ ਤੋਂ ਪ੍ਰਸਿਧ ਡਾਇਰੈਕਟਰ ਜਗਜੀਤ ਨੇ

## ਇਹ ਸ਼ੋਅ ਦੇਖਣ ਲਈ ਆਪਣੇ ਸ਼ਹਿਰ ਵਿਚ ਇੰਡੀਅਨ ਗਰੌਸਰੀ ਸਟੋਰਾਂ ਤੋਂ ਜਾਣਕਾਰੀ ਲਉ —

**ਇਸ ਹਫ਼ਤੇ ਸ਼ੋਅ ਕੈਲੇਫੋਰਨੀਆਂ ਵਿਚ ਫਰੈਜ਼ਨੋ, ਸੈਕਰੋਮੈਂਟੋ, ਯੂਬਾ ਸਿਟੀ, ਸਾਂਨਫਰਾਂਸਿਸਕੋ, ਲੌਸਏਂਜਲਸ ਵਿਚ ਹੋਣਗੇ**

**THE CANADA DARPAN**
The Panjabi Newspaper
P.O.BOX 265
Surrey, B.C. V3T 4W8
Chief Editor: DARSHAN GILL
Art: N. DHALIWAI
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
Ph. 581-4473

# ਖਾਲਿਸਤਾਨੀਆਂ ਦੀ ਆਪਸੀ ਕਸ਼ਮਕਸ਼

ਜਿਉਂ ਜਿਉਂ ਖਾਲਿਸਤਾਨੀ ਲਹਿਰ ਪੱਤਣ ਵੱਲ ਜਾ ਰਹੀ ਹੈ, ਤਿਉਂ ਤਿਉਂ ਖਾਲਿਸਤਾਨੀ ਧੜਿਆਂ ਦੀ ਅੰਦਰੂਨੀ ਲੜਾਈ ਤੇਜ਼ੀ ਨਾਲ ਵਧ ਰਹੀ ਹੈ। ਬਦੇਸ਼ੀ ਖਾਲਿਸਤਾਨੀ ਅਖਬਾਰਾਂ ਦੀ ਹਾਲਤ ਉਸ ਤੋਂ ਵੱਧ ਤਰਸਯੋਗ ਹੈ ਕਿਉਂਕਿ ਉਹ ਕਦੇ ਇਕ ਧੜੇ ਦਾ ਪੱਲੂ ਫੜਦੇ ਹਨ — ਕਦੇ ਦੂਜੇ ਦਾ। ਇਕ ਧੜਾ ਦੂਜੇ ਨੂੰ ਸਰਕਾਰੀ ਏਜੰਟ ਦੱਸ ਰਿਹਾ ਹੈ। 1984 ਵਿਚ ਇੰਦਰਾ ਗਾਂਧੀ ਸਰਕਾਰ ਦੇ ਗਲਤ ਫੈਸਲਿਆਂ ਕਾਰਨ ਅਤੇ ਇੰਦਰਾ ਗਾਂਧੀ ਦੇ ਕਤਲ ਪਿਛੋਂ ਫਾਸ਼ੀ ਗੁੰਡਿਆਂ ਦੇ ਦਿੱਲੀ ਵਿਚ ਕਤਲੇਆਮ ਕਾਰਨ ਇਸ ਲਹਿਰ ਨੂੰ ਆਪਣੀ ਚੜ੍ਹਤ ਵੱਲ ਜਾਣ ਦਾ ਮੌਕਾ ਮਿਲਿਆ ਤੇ ਇਸ ਦਾ ਆਧਾਰ ਵੀ ਕਾਂਗਰਸੀ ਹਾਕਮਾਂ ਦੀਆਂ ਗਲਤ ਨੀਤੀਆਂ ਕਾਰਨ ਵਧਿਆ। ਕਾਂਗਰਸ ਦੇ ਕੁਝ ਧੜੇ ਵੀ ਅੰਦਰੂਨੀ ਤੌਰ ਉਤੇ ਖਾਲਿਸਤਾਨੀ ਲਹਿਰ ਨੂੰ ਜਿਉਂਦਾ ਰੱਖਣ ਲਈ ਤਤਪਰ ਰਹੇ। ਇਥੋਂ ਤੱਕ ਕਿ ਇਹ ਦੋਸ਼ ਕੁਝ ਕੇਂਦਰੀ ਮੰਤਰੀਆਂ ਉਤੇ ਵੀ ਲਗਦਾ ਰਿਹਾ ਹੈ ਕਿ ਉਨ੍ਹਾਂ ਨੇ ਨਾ ਕੇਵਲ ਫੈਡਰੇਸ਼ਨ ਦੇ ਆਗੂਆਂ ਨੂੰ ਹੀ ਖਬਰ ਦਿੱਤੀ ਸਗੋਂ ਅਖੌਤੀ ਪੰਥਕ ਕਮੇਟੀ ਦੇ ਕੁਝ ਮੈਂਬਰਾਂ ਦਾ ਵੀ ਤਾਲਮੇਲ ਕੇਂਦਰੀ ਮੰਤਰੀਆਂ ਨਾਲ ਰਿਹਾ।

ਹੁਣ ਹਾਲਾਤ ਇਸ ਕਦਰ ਬਦਲਣੇ ਸ਼ੁਰੂ ਹੋ ਗਏ ਹਨ ਕਿ ਖਾਲਿਸਤਾਨੀ ਲੀਡਰ ਅਤੇ ਉਨ੍ਹਾਂ ਦੇ ਦੁੰਮ-ਛੱਲੇ ਪੱਤਰਕਾਰ ਵੀ ਆਪਣੇ ਸਟੈਂਡ ਬਦਲਣ ਲਈ ਮਜਬੂਰ ਹੋ ਰਹੇ ਹਨ। ਪੰਜਾਬ ਦੇ ਲੋਕ ਦੂਹਰੀ ਮਾਰ ਹੇਠ ਹਨ। ਇਕ ਪਾਸੇ ਕੇਂਦਰੀ ਸਰਕਾਰ ਵਲੋਂ ਪੰਜਾਬ ਦੇ ਹਾਲਾਤ ਨੂੰ ਸੁਧਾਰਨ ਦਾ ਕੋਈ ਯਤਨ ਨਹੀਂ ਕੀਤਾ ਜਾ ਰਿਹਾ, ਦੂਜੇ ਪਾਸੇ ਬਦੇਸ਼ੀ ਸਹਾਇਤਾ ਨਾਲ ਪੁਜਿਆ ਅਸਲਾ ਬੇਦੋਸ਼ੇ ਲੋਕਾਂ ਦਾ ਘਾਣ ਕਰੀ ਜਾ ਰਿਹਾ ਹੈ।

ਬਦੇਸ਼ਾਂ ਵਿਚ ਬੈਠੇ ਪੰਜਾਬੀਆਂ ਨੇ ਵੀ ਇਨ੍ਹਾਂ ਖਾਲਿਸਤਾਨੀ ਲੀਡਰਾਂ ਦੀ ਸੁਹਿਰਦਤਾ ਪਰਖ ਲਈ ਹੈ ਕਿ ਇਨ੍ਹਾਂ ਦਾ ਮਕਸਦ ਕਦੇ ਵੀ ਖਾਲਿਸਤਾਨ ਲੈਣਾ ਨਹੀਂ ਸੀ ਸਗੋਂ ਖਾਲਿਸਤਾਨ ਦਾ ਨਾਅਰਾ ਦੇ ਕੇ ਭੋਲੇ ਭਾਲੇ ਲੋਕਾਂ ਨੂੰ ਗੁਮਰਾਹ ਕਰਨਾ ਸੀ। ਨਾਅਰੇ ਹੁਣ ਵੀ ਬੜੇ ਜ਼ੋਰ ਸ਼ੋਰ ਨਾਲ ਲਗਦੇ ਹਨ ਪਰ ਵਿਚੋਂ ਫੂਕ ਨਿਕਲ ਗਈ ਹੈ। 'ਕਾਲੀ ਗਰਜ' ਉਪਰੇਸ਼ਨ ਤੋਂ ਪਿਛੋਂ ਕਿਸੇ ਬਦੇਸ਼ੀ ਖਾਲਿਸਤਾਨੀ ਲੀਡਰ ਨੇ ਆਹ ਦਾ ਨਾਅਰਾ ਤੱਕ ਨਹੀਂ ਮਾਰਿਆ।

ਖਾਲਿਸਤਾਨੀ ਲੀਡਰ ਖਾਲਿਸਤਾਨੀ ਅਖਬਾਰਾਂ ਰਾਹੀਂ ਇਕ ਦੂਜੇ ਦੀ ਮਿਟੀ ਪੁੱਟ ਰਹੇ ਹਨ — ਜਿਸ ਤੋਂ ਸਾਫ਼ ਜ਼ਾਹਿਰ ਹੈ ਕਿ ਇਹ ਲੋਕ ਕਦੇ ਵੀ ਪੰਜਾਬ ਵਿਚ ਵਸਦੇ ਲੋਕਾਂ ਨਾਲ ਹਿਤ ਨਹੀਂ ਸਨ ਰੱਖਦੇ। ਸਗੋਂ ਇਨ੍ਹਾਂ ਆਪਣੀਆਂ ਲੀਡਰੀਆਂ ਚਮਕਾਉਣ ਲਈ ਹਰ ਤਰ੍ਹਾਂ ਦੇ ਪਾਪੜ ਵੇਲੇ। ਇਕ ਵੀ ਵਿਅਕਤੀ ਦੋ ਚਾਰ ਮਹੀਨੇ ਤੋਂ ਪਿਛੋਂ ਲੀਡਰੀ ਨਾ ਸੰਭਾਲ ਸਕਿਆ। ਹੁਣ ਲੱਖਾਂ ਕਰੋੜਾਂ ਡਾਲਰਾਂ ਦੇ ਘਾਲੇ ਮਾਲੇ ਦੀਆਂ ਖਬਰਾਂ ਇਨ੍ਹਾਂ ਦੇ ਆਪਣੇ ਅਖਬਾਰਾਂ ਵਿਚ ਹੀ ਛਪਦੀਆਂ ਹਨ। ਇਕ ਪਾਸੇ ਇਨ੍ਹਾਂ ਕਮਿਊਨਿਟੀ ਨੂੰ ਸਮੁੱਚੀ ਕੈਨੇਡੀਅਨ ਕਮਿਊਨਿਟੀ ਵਿਚ ਕੱਖੋਂ ਹੌਲੇ ਕੀਤਾ ਤੇ ਇਨ੍ਹਾਂ ਅਖੌਤੀ ਪੱਤਰਕਾਰਾਂ ਨੇ ਵੀ ਜ਼ਹਿਰ-ਭਰੀਆਂ ਖਬਰਾਂ ਫੈਲਾਈਆਂ, ਪਰ ਹੁਣ ਜਦ ਪੰਜਾਬ ਦੇ ਲੋਕਾਂ ਨੇ ਇਨ੍ਹਾਂ ਦੇ 'ਕਾਰਨਾਮਿਆਂ' ਕਾਰਨ ਇਨ੍ਹਾਂ ਤੋਂ ਮੂੰਹ ਮੋੜ ਲਿਆ ਹੈ ਤਾਂ ਇਹ ਮੂੰਹ ਵਿਚ ਘੁੰਗਣੀਆਂ ਪਾਕੇ ਬੈਠ ਗਏ ਹਨ।

## ਨਿਰਦੇਸ਼ਕ ਜਗਜੀਤ ਬਾਰੇ......

ਪਿਆਰੇ ਦਰਸ਼ਨ,

ਨਿੱਘੀ ਯਾਦ।

ਚਿੱਠੀ ਨੂੰ ਮੈਂ ਸਿਧਾ ਰਸਮੀ ਗੱਲਬਾਤ ਤੋਂ ਹੀ ਸ਼ੁਰੂ ਕਰਦਾ ਹਾਂ।

ਗੱਲ ਇਹ ਹੈ ਕਿ ਆਪਣਾ ਲੇਖਕ ਮਿੱਤਰ ਜਗਜੀਤ ਚੂਹੜਚੱਕ ਜੋ ਹੁਣ ਪੰਜਾਬੀ-ਹਿੰਦੀ ਫਿਲਮਾਂ ਨਾਲ ਪੂਰੀ ਤਰ੍ਹਾਂ ਜੁੜਿਆ ਹੋਇਆ ਹੈ, ਕਲਾਕਾਰਾਂ ਦੀ ਟੋਲੀ ਲੈ ਕੇ 'ਤੁਹਾਡੇ ਮੁਲਕ' ਆ ਰਿਹਾ ਹੈ।

ਸੋ, ਕਲਮ ਦੀ ਰਿਸ਼ਤੇਦਾਰੀ 'ਚੋਂ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਪੱਤਰਕਾਰੀ ਨੁਕਤੇ ਤੋਂ ਜਗਜੀਤ—ਜਗਤਾਰ ਹੋਰਾਂ ਨੂੰ ਭਰਵਾਂ ਸਹਿਯੋਗ ਦੇਣਾ।

ਹੋਰ ਕੀ ਹਾਲਚਾਲ ਹੈ? ਕਵਿਤਾ : ਆਲੋਚਨਾ 'ਚ ਕੀ ਪਹਿਲਾਂ ਜਿਤਨੀ ਸਰਗਰਮੀ ਨਾਲ ਹੀ ਕੰਮ ਕਰ ਰਿਹੈਂ? ਚਿੱਠੀ ਉਡੀਕਾਂਗਾ।

ਤੁਹਾਡਾ ਹਿਤਚਿੰਤਕ
ਸ਼ਮਸ਼ੇਰ ਸਿੰਘ ਸੰਧੂ
ਫਿਲਮ ਸੈਕਸ਼ਨ ਚੰਡੀਗੜ੍ਹ।

# ਰਾਜਸੀ ਮੁਫ਼ਾਦ ਲਈ ਲਿਖਤੀ ਭਰੋਸਾ ਲਾਹੇਵੰਦ ਨਹੀਂ



**ਲੈਫਟੀਨੈਂਟ ਜਗਜੀਤ ਸਿੰਘ ਅਰੋੜਾ ਨਾਲ ਵਰਿੰਦਰ ਸੈਂਗਰ ਨਾਲ ਹੋਈ ਇਕ ਵਿਸ਼ੇਸ਼ ਮੁਲਾਕਾਤ**

? ਹਾਲ ਹੀ ਵਿਚ ਜਿਸ ਤਰੀਕੇ ਨਾਲ ਹਰਿਮੰਦਰ ਸਾਹਿਬ ਵਿਚ ਅਪਰੇਸ਼ਨ ਹੋਇਆ, ਤੁਸੀਂ ਉਸ ਬਾਰੇ ਕੀ ਮਹਿਸੂਸ ਕਰਦੇ ਹੋ?

— ਹਰਿਮੰਦਰ ਸਾਹਿਬ ਵਿਚ ਜੋ ਅਪਰੇਸ਼ਨ ਹੋਇਆ, ਉਸ ਵਿਚ ਇਹ ਮੰਨਣਾ ਪਵੇਗਾ ਕਿ ਸਰਕਾਰ ਨੇ ਅਕਲ ਤੋਂ ਕੰਮ ਲਿਆ ਹੈ। ਇਸ ਖਾਸ ਅਪਰੇਸ਼ਨ ਨੂੰ ਅਸੀਂ ਗਲਤ ਨਹੀਂ ਕਹਾਂਗੇ, ਪਰ ਸਰਕਾਰ ਹਮੇਸ਼ਾ ਸਮੱਸਿਆ ਨੂੰ 'ਬਿਲਡ-ਅਪ' ਕਰਦੀ ਹੈ, ਫਿਰ 'ਬਿਲਡ-ਅਪ' ਕਰਕੇ ਉਸਦਾ ਰਾਜਨੀਤਕ ਫਾਇਦਾ ਉਠਾਉਂਦੀ ਹੈ।

? ਸਰਕਾਰ ਗੁਰਦੁਆਰਾ ਕਾਨੂੰਨ ਵਿਚ ਕੁਝ ਤਬਦੀਲੀ ਲਿਆਉਣ ਜਾ ਰਹੀ ਹੈ। ਇਨ੍ਹਾਂ ਤਬਦੀਲੀਆਂ ਤੇ ਤੁਹਾਡੀ ਪ੍ਰਤੀਕ੍ਰਿਆ?

— ਗੱਲ ਤਾਂ ਕਹੀ ਜਾ ਰਹੀ ਹੈ ਕਿ ਅਸੀਂ ਧਰਮ ਅਤੇ ਰਾਜਨੀਤੀ ਨੂੰ ਅਲੱਗ ਕਰਨਾ ਚਾਹੁੰਦੇ ਹਾਂ। ਹੁਣ ਇਹ ਦੇਖੋ ਕਿ ਸ੍ਰੀਮਤੀ ਗਾਂਧੀ ਦੇ ਸਮੇਂ ਦੀ ਗੱਲ ਹੈ, ਜਦੋਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੋਈਆਂ, ਤਾਂ ਜਥੇਦਾਰ ਸੰਤੋਖ ਸਿੰਘ ਨੂੰ ਪ੍ਰਧਾਨ ਬਨਵਾਉਣ ਲਈ ਸ੍ਰੀਮਤੀ ਗਾਂਧੀ ਨੇ ਨਿਯਮ ਬਦਲਵਾਏ। ਸੰਤੋਖ ਸਿੰਘ ਮੈਟ੍ਰਿਕ ਵੀ ਨਹੀਂ ਸੀ ਅਤੇ ਉਹ ਗੁਰਦੁਆਰੇ ਦਾ ਪ੍ਰਧਾਨ ਨਹੀਂ ਬਣ ਸਕਦਾ ਸੀ। ਹੁਣ ਵੀ ਦਿੱਲੀ ਵਿਚ ਜਿੰਨੇ ਗੁਰਦੁਆਰੇ ਹਨ, ਉਨ੍ਹਾਂ ਤੇ ਅਸਲ ਵਿਚ ਕੰਟਰੋਲ ਸਰਕਾਰ ਦਾ ਹੈ। ਹਰੇਕ ਗੁਰਦੁਆਰੇ ਵਿਚ ਪੁਲਿਸ ਮੁਖਬਰ ਹਨ। ਬਾਹਰੋਂ ਕੰਟਰੋਲ ਕਦੀ ਸੰਯੁਕਤ ਅਕਾਲੀ ਦਲ ਦਾ ਹੋ ਜਾਂਦਾ ਹੈ, ਕਦੀ ਲੌਂਗੋਵਾਲ ਗਰੁਪ ਦਾ ਹੋ ਜਾਂਦਾ ਹੈ। ਜੇਕਰ ਤੁਸੀਂ ਮਾਇਨਾਰਿਟੀ ਦੇ ਰਿਲੀਜਨ ਪਾਲੈਟਿਕਸ ਖੇਡੋਗੇ ਤਾਂ ਰਿਲੀਜਨ ਪਾਲੈਟਿਕਸ ਤੋਂ ਅਲੱਗ ਕਿਵੇਂ ਹੋ ਸਕਦਾ ਹੈ? ਦੇਖੋ, ਮੇਰਾ ਕਹਿਣਾ ਹੈ ਕਿ ਰਾਜਨੀਤਕ ਫਾਇਦੇ ਥੋੜ੍ਹੇ ਸਮੇਂ ਲਈ ਹੁੰਦੇ ਹਨ, ਜਦੋਂ ਕਿ ਸਮੱਸਿਆਵਾਂ ਲੰਮੇ ਸਮੇਂ ਤਕ ਚਲਦੀਆਂ ਹਨ ਇਸ ਲਈ ਜੇਕਰ ਤੁਸੀਂ ਥੋੜ੍ਹੇ ਜਿਹੇ ਰਾਜਨੀਤਕ ਫਾਇਦੇ ਲਈ ਸੰਸਥਾਵਾਂ ਦੇ ਨਾਲ ਜੋੜ-ਤੋੜ ਕਰੋਗੇ, ਤਾਂ ਨੁਕਸਾਨ ਹੋਵੇਗਾ।

? ਕੀ ਤੁਹਾਨੂੰ ਨਹੀਂ ਲਗਦਾ ਕਿ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਬਣਾਈ ਰੱਖਣ ਵਿਚ ਐਸ. ਜੀ. ਪੀ. ਸੀ. (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਅਸਫਲ ਰਹੀ ਹੈ?

— ਐਸ. ਜੀ. ਪੀ. ਸੀ. ਬਹੁਤ ਪਹਿਲਾਂ ਤੋਂ ਅਸਫਲ ਸਾਬਤ ਹੁੰਦੀ ਰਹੀ ਹੈ। ਟੌਹੜਾ ਸਾਹਿਬ ਨੇ ਐਸ. ਜੀ. ਪੀ. ਸੀ. ਦੇ ਕੰਮ ਦਮਦਮੀ ਟਕਸਾਲ ਨੂੰ ਸੌਂਪ ਦਿੱਤੇ ਸਨ। ਬਾਅਦ ਵਿਚ ਦਮਦਮੀ ਟਕਸਾਲ ਨੇ ਅਕਾਲੀਆਂ ਨੂੰ ਇਕ ਪਾਸੇ ਕਰ ਦਿੱਤਾ। ਇਹ ਚੁਪ ਕਰਕੇ ਵੱਖ ਹੋ ਗਏ। ਹੁਣ ਐਸ. ਜੀ. ਪੀ. ਸੀ. ਦੀ ਹਾਲਤ ਸੁਧਾਰਨੀ ਬੜੀ ਮੁਸ਼ਕਲ ਹੈ। ਐਸ. ਜੀ. ਪੀ. ਸੀ. ਦੀ ਕਮਜ਼ੋਰੀ ਦੇ ਕਈ ਕਾਰਨ ਹਨ। ਇਕ ਇਹ ਕਿ ਚੋਣਾਂ ਕਦੀ ਸਮੇਂ ਸਿਰ ਨਹੀਂ ਹੁੰਦੀਆਂ। ਦੂਸਰੀ ਵਜਾਹ ਇਹ ਹੈ ਕਿ ਪੁਰਾਣੇ ਲੋਕਾਂ ਨੇ ਆਪਦੇ ਜਾਲ ਫੈਲਾਏ ਹੋਏ ਹਨ। ਉਹ ਹਟਦੇ ਨਹੀਂ ਹਨ। ਇਸ ਲਈ ਐਸ. ਜੀ. ਪੀ. ਸੀ. ਦੇ ਹੱਥ ਵਿਚ ਕੁਝ ਹੈ ਹੀ ਨਹੀਂ। ਹੁਣ ਸਰਕਾਰ ਦੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਪੰਜਾਬ ਵਿਚ ਹਿੰਸਾ ਨਹੀਂ ਰੁਕੀ। ਘੱਟ ਹੋਣ ਦੀ ਤਾਂ ਗੱਲ ਹੀ ਦੂਰ, ਹਿੰਸਾ ਉਲਟੀ ਵਧ ਰਹੀ ਹੈ। ਹੁਣ ਐਸ. ਜੀ. ਪੀ. ਸੀ. ਕੀ ਕਰ ਸਕੇਗੀ? ਉਸਦੇ ਕੋਲ ਹਥਿਆਰ ਤਾਂ ਨਹੀਂ ਹਨ। ਸਰਕਾਰ ਕਰਦੀ ਇਹ ਹੈ ਕਿ ਜਦੋਂ ਤੱਕ ਉਸਨੂੰ ਸੂਟ ਕਰਦਾ ਹੈ ਹਾਲਤ ਵਿਗੜਨ ਦਿੰਦੀ ਹੈ। ਫਿਰ ਬਾਅਦ ਵਿਚ ਐਸ. ਜੀ. ਪੀ. ਸੀ. ਤੇ ਦੋਸ਼ ਲਾਉਂਦੀ ਹੈ। ਸੱਚੀ ਗੱਲ ਤਾਂ ਇਹ ਹੈ ਕਿ ਜਨਵਰੀ 86 ਦੇ ਬਾਅਦ ਐਸ. ਜੀ. ਪੀ. ਸੀ. ਦਾ ਕੋਈ ਕੰਟਰੋਲ ਨਹੀਂ ਰਿਹਾ। ਬੱਸ ਉਨ੍ਹਾਂ ਦਾ ਦਫਤਰ ਕੰਮ ਕਰ ਰਿਹਾ ਹੈ ਅਤੇ ਦਫਤਰ ਵਿਚ ਕੰਮ ਕਰ ਰਹੇ ਲੋਕ ਖਾੜਕੂਆਂ ਨੂੰ ਤਾਂ ਰੋਕ ਨਹੀਂ ਸਕਦੇ।

? ਅਪਰੇਸ਼ਨ ਤੋਂ ਬਾਅਦ ਸਰਕਾਰ ਐਸ. ਜੀ. ਪੀ. ਸੀ. ਤੋਂ ਲਿਖਤੀ ਰੂਪ ਵਿਚ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਕਾਇਮ ਰੱਖਣ ਦੀ ਗਰੰਟੀ ਮੰਗ ਰਹੀ ਹੈ। ਇਸ ਗਰੰਟੀ ਦੇ ਕੋਈ ਨਤੀਜੇ ਨਿਕਲਣਗੇ?

— ਲਿਖਤੀ ਰੂਪ ਵਿਚ ਮੰਗਣ ਦਾ ਕੋਈ ਮਤਲਬ ਨਹੀਂ ਹੈ, ਉਹ ਅਤਿਵਾਦ ਕਿਵੇਂ ਰੋਕਣਗੇ। ਜੇਕਰ ਪਹਿਲਾਂ ਨਹੀਂ ਰੁਕਿਆ ਤਾਂ ਹੁਣ ਕਿਵੇਂ ਰੋਕਣਗੇ। ਗਰੰਟੀ ਕਿਵੇਂ ਦੇ ਸਕਦੇ ਹਨ। ਉਨ੍ਹਾਂ ਕੋਲ ਕੋਈ ਤਾਕਤ ਨਹੀਂ ਹੈ। ਜਦੋਂ ਸਰਕਾਰ ਹੀ ਕੁਝ ਨਹੀਂ ਕਰ ਸਕਦੀ, ਤਾਂ ਐਸ. ਜੀ. ਪੀ. ਸੀ. ਖਾੜਕੂਆਂ ਦਾ ਮੁਕਾਬਲਾ ਕਿਵੇਂ ਕਰੇਗੀ। ਹੁਣ ਪੰਜਾਬ ਦੀ ਜਨਤਾ ਦਾ ਸਵਾਲ ਸਰਕਾਰ ਨੂੰ ਹੈ ਕਿ ਉਹ ਕਿਉਂ ਨਹੀਂ ਸੁਰੱਖਿਆ ਦੇ ਸਕਦੀ। ਪਿਛਲੇ ਛੇ ਮਹੀਨੇ ਵਿਚ ਮਰਨ ਵਾਲਿਆਂ ਵਿਚ ਜ਼ਿਆਦਾਤਰ ਸਿੱਖ ਹਨ। ਸਰਕਾਰ ਕੁਝ ਨਹੀਂ ਕਰ ਰਹੀ, ਤਦ ਐਸ. ਜੀ. ਪੀ. ਸੀ. ਤੋਂ ਲਿਖਤੀ ਗਰੰਟੀ ਮੰਗਣ ਦਾ ਕੀ ਮਤਲਬ। ਸਰਕਾਰ ਹੁਣ ਇਸ ਦਾ ਰਾਜਨੀਤਕ ਲਾਭ ਉਠਾ ਰਹੀ ਹੈ ਕਿ ਐਸ. ਜੀ. ਪੀ. ਸੀ. ਲਿਖਤੀ ਰੂਪ ਵਿਚ ਗਰੰਟੀ ਨਹੀਂ ਦੇ ਰਹੀ। ਉਹ ਗਰੰਟੀ ਦੇਣ ਦੀ ਸਥਿਤੀ ਵਿਚ ਹੀ ਨਹੀਂ, ਤਾਂ ਸਮੱਸਿਆ ਦਾ ਵਿਵਹਾਰਕ ਹੱਲ ਹੋਣਾ ਚਾਹੀਦਾ ਹੈ, ਅਖਬਾਰਾਂ ਤੇ ਟੀ. ਵੀ. ਤੇ ਪਰਚਾਰ ਕਰਨ ਦਾ ਕੋਈ ਮਤਲਬ ਨਹੀਂ ਹੈ।

? ਹਾਲ ਹੀ ਦਾ ਅਪਰੇਸ਼ਨ ਅਤਿਵਾਦ ਖਤਮ ਕਰਨ ਵਿਚ ਕਿਤਨਾ ਸਾਰਥਿਕ ਸਾਬਤ ਹੋਵੇਗਾ? ਇਕ ਸਾਬਕਾ ਜਨਰਲ ਹੋਣ ਦੇ ਨਾਤੇ ਤੁਸੀਂ ਕੀ ਸੋਚਦੇ ਹੋ?

— ਅਤਿਵਾਦ ਜੜ੍ਹ ਤੋਂ ਖਤਮ ਕਰਨ ਲਈ ਜ਼ਰੂਰੀ ਇਹ ਹੈ ਕਿ ਸਰਕਾਰ ਲੋਕਾਂ ਦੀ ਇਸ ਭਾਵਨਾ ਨੂੰ ਦੂਰ ਕਰੇ ਕਿ ਸਰਕਾਰ ਨੇ ਉਨ੍ਹਾਂ ਨਾਲ ਨਾ-ਇਨਸਾਫੀ ਕੀਤੀ ਹੈ। ਦਿੱਲੀ ਦੇ ਸਿੱਖ-ਵਿਰੋਧੀ ਦੰਗਿਆਂ ਵਿਚ ਜੋ ਹੋਇਆ ਹੈ, ਉਸ ਨੂੰ ਦੇਖਕੇ ਇਹ ਕਿਵੇਂ ਕਹਿ ਸਕਦੇ ਹਾਂ ਕਿ ਸਰਕਾਰ ਸਭ ਲਈ ਇਕੋ ਜਿਹੀ ਹੈ। ਜਿਸਨੇ ਗਲਤੀ ਕੀਤੀ ਹੈ, ਸਰਕਾਰ ਨੂੰ ਉਸ ਦੇ ਵਿਰੁਧ ਕਾਰਵਾਈ ਕਰਨੀ ਚਾਹੀਦੀ ਹੈ ਤਦ ਹੀ ਲੋਕਾਂ ਨੂੰ ਯਕੀਨ ਆਵੇਗਾ, ਨਹੀਂ ਤਾਂ ਪੀੜਤ ਲੋਕ ਕਹਿਣਗੇ ਕਿ ਇਹ ਸਰਕਾਰ ਸਾਡੇ ਲਈ ਨਹੀਂ ਹੈ, ਇਹ ਤਾਂ ਜਿੰਨ੍ਹਾਂ ਕੋਲ ਤਾਕਤ ਹੈ, ਉਨ੍ਹਾਂ ਲਈ ਹੈ। ਸਰਕਾਰ ਇਸ ਬਾਰੇ ਪਾਰਲੀਮੈਂਟ ਵਿਚ ਗੱਲ ਹੀ ਨਹੀਂ ਕਰਨ ਦਿੰਦੀ। ਉਨ੍ਹਾਂ ਦੀ ਕਮਜ਼ੋਰੀ ਹੈ ਪਰ ਉਹ ਕਮਜ਼ੋਰੀ ਮੰਨਣ ਲਈ ਤਿਆਰ ਨਹੀਂ ਹੈ। ਉਨ੍ਹਾਂ ਨੂੰ ਆਪਣੇ ਰਾਜਨੀਤਕ ਸਵਾਰਥ ਧਿਆਨ ਵਿਚ ਰੱਖਣੇ ਪੈਂਦੇ ਹਨ। ਉਨ੍ਹਾਂ ਦੇ ਆਦਮੀ ਵੀ ਇਸ ਵਿਚ ਸ਼ਾਮਲ ਹਨ। ਇਹੋ ਕਾਰਨ ਹੈ ਕਿ ਆਮ ਸਿੱਖ ਦੇ ਮਨ ਵਿਚੋਂ ਸਰਕਾਰ ਪ੍ਰਤੀ ਵਿਸ਼ਵਾਸ ਉਠ ਗਿਆ ਹੈ। ਇਸੇ ਕਾਰਨ ਨੌਜਵਾਨਾਂ ਦਾ ਖਾੜਕੂ ਰਵੱਈਆ ਵਧ ਰਿਹਾ ਹੈ। ਇਸ ਤੋਂ ਇਲਾਵਾ ਸੁਰੱਖਿਆ ਬਲਾਂ ਦੁਆਰਾ ਜੋ ਬੇਕਸੂਰ ਲੋਕ ਮਾਰੇ ਜਾਂਦੇ ਹਨ, ਉਨ੍ਹਾਂ ਦੇ ਨਜ਼ਦੀਕੀ ਲੋਕਾਂ ਵਿਚ ਵੀ ਗੁੱਸਾ ਭੜਕਦਾ ਹੈ।

? ਹਾਲ ਹੀ ਦੇ ਹਰਿਮੰਦਰ ਸਾਹਿਬ ਅਪਰੇਸ਼ਨ ਤੇ ਸਰਕਾਰ ਨੇ ਬਹੁਤ ਪ੍ਰਸ਼ੰਸਾ ਖੱਟੀ ਹੈ, ਪਰ ਕੀ ਤੁਹਾਨੂੰ ਲਗਦਾ ਹੈ ਕਿ ਸਰਕਾਰ ਜਿਸ ਤਰ੍ਹਾਂ ਨਾਲ ਅਤਿਵਾਦ ਨੂੰ ਖਤਮ ਕਰਨ ਵਿਚ ਲੱਗੀ ਹੋਈ ਹੈ, ਉਸ ਤਰ੍ਹਾਂ ਇਹ ਖਤਮ ਹੋ ਜਾਵੇਗਾ?

— ਲੋਕਾਂ ਦੇ ਦਿਲਾਂ ਵਿਚ ਰੰਜਿਸ਼ ਬਾਕੀ ਰਹੀ, ਤਾਂ ਇਹ ਕਦੀ ਖਤਮ ਨਹੀਂ ਹੋਵੇਗਾ।

? ਅੱਜ ਪੰਜਾਬ ਵਿਚ ਕੋਈ ਕੱਦ-ਆਵਰ ਨੇਤਾ ਨਜ਼ਰ ਨਹੀਂ ਆਉਂਦਾ। ਚਾਹੇ ਬਰਨਾਲਾ ਹੋਵੇ, ਚਾਹੇ ਬਾਦਲ ਹੋਵੇ, ਜਾਂ ਕੋਈ ਹੋਰ, ਕਿਸੇ ਦੀ ਸਾਖ ਜਨਤਾ ਵਿਚ ਨਹੀਂ ਹੈ। ਕੋਈ ਨੇਤਾ ਅਜਿਹਾ ਨਹੀਂ ਹੈ, ਜਿਹੜਾ ਪੰਜਾਬ ਦੇ ਲਗਾਤਾਰ ਬਦਤਰ ਹੁੰਦੇ ਹਾਲਾਤ ਵਿਚ ਬਿਹਤਰੀ ਲਈ ਸਾਰਥਿਕ ਦਖਲ ਦੇ ਸਕੇ। ਅਜਿਹੇ ਮਾਹੌਲ ਵਿਚ ਸਮੱਸਿਆ ਹੱਲ ਕਰਨ ਦੇ ਰਸਤੇ ਵਿਚ ਖੜੀਆਂ ਸਾਰੀਆਂ ਰੁਕਾਵਟਾਂ ਕਿਵੇਂ ਦੂਰ ਹੋਣਗੀਆਂ?

— ਇਹ ਠੀਕ ਗੱਲ ਹੈ, ਹੌਲੀ ਹੌਲੀ ਸਰਕਾਰ ਨੇ ਸਭ ਨੂੰ ਖਤਮ ਕਰ ਦਿੱਤਾ ਹੈ। ਪਰ ਇਸ ਵਿਚ ਇਨ੍ਹਾਂ ਨੇਤਾਵਾਂ ਦੀ ਆਪਣੀ ਕਮਜ਼ੋਰੀ ਅਤੇ ਗਲਤੀ ਵੀ ਰਹੀ ਹੈ। ਕਾਂਗਰਸ ਨੇ ਅਕਾਲੀਆਂ ਦੇ ਨਰਮ ਨੇਤਾਵਾਂ ਨੂੰ ਖਤਮ ਕਰ ਦਿੱਤਾ ਹੈ, ਕਿਉਂਕਿ ਕਾਂਗਰਸ ਦੇ ਮਨ ਵਿਚ ਇਹ ਖਿਆਲ ਹੈ ਕਿ ਜਦੋਂ ਤਕ ਅਕਾਲੀ ਪਾਰਟੀ ਕਾਇਮ ਰਹੇਗੀ, ਉਨ੍ਹਾਂ ਨੂੰ (ਕਾਂਗਰਸ ਨੂੰ) ਖਤਰਾ ਰਹੇਗਾ। ਉਨ੍ਹਾਂ ਦੀ ਕੋਸ਼ਿਸ਼ ਹੈ ਕਿ ਅਕਾਲੀ ਪਾਰਟੀ ਨੂੰ ਕਿਵੇਂ ਤੋੜਿਆ ਜਾਏ ਕਿ ਉਹ ਚੋਣਾਂ ਵਿਚ ਕਾਂਗਰਸ ਦਾ ਮੁਕਾਬਲਾ ਨਾ ਕਰ ਸਕੇ। ਉਨ੍ਹਾਂ ਨੇ ਇਹ ਨਹੀਂ ਸਮਝਿਆ ਕਿ ਜੇਕਰ ਉਹ ਅਕਾਲੀ ਪਾਰਟੀ ਨੂੰ ਕਮਜ਼ੋਰ ਕਰਨਗੇ ਤਾਂ ਖਾੜਕੂ ਹਾਵੀ ਹੋ ਜਾਣਗੇ। ਸਰਕਾਰ ਨੂੰ ਦੇਖਣਾ ਚਾਹੀਦਾ ਹੈ ਕਿ ਇਸ ਸਮੇਂ ਐਸੇ ਕਿਹੜੇ ਲੋਕ ਹਨ ਜੋ ਪੰਜਾਬ ਵਿਚ ਅਮਨ ਕਾਇਮ ਕਰਵਾ ਸਕਦੇ ਹਨ।

? ਤੁਹਾਡੀ ਨਿਗਾਹ ਵਿਚ ਅਜਿਹੇ ਕਿਹੜੇ ਲੋਕ ਹੋ ਸਕਦੇ ਹਨ, ਜੋ ਪੰਜਾਬ ਵਿਚ ਅਮਨ ਚੈਨ ਕਾਇਮ ਕਰਨ ਵਿਚ ਸਹਾਈ ਹੋ ਸਕਦੇ ਹਨ?

— ਕੰਮ ਸ਼ੁਰੂ ਹੋਵੇ, ਤਾਂ ਲੋਕ ਨਿਕਲ ਆਉਣਗੇ। ਜੇਕਰ ਤੁਹਾਡਾ ਖਿਆਲ ਇਹ ਹੈ ਕਿ ਬਾਦਲ ਅਤੇ ਬਰਨਾਲਾ ਵਰਗੇ ਨੇਤਾ ਸ਼ਾਂਤੀ ਲਈ ਕੰਮ ਨਹੀਂ ਕਰ ਰਹੇ ਤਾਂ ਇਹ ਗਲਤ ਹੈ। ਪਰ ਜੇਕਰ ਤੁਸੀਂ ਉਨ੍ਹਾਂ ਨੂੰ ਬਦਨਾਮ ਕਰੋਗੇ ਜਾਂ ਉਨ੍ਹਾਂ ਨਾਲ ਅਜਿਹਾ ਸਲੂਕ ਕਰੋਗੇ, ਤਾਂ ਉਹ ਕਿਉਂ ਤੁਹਾਨੂੰ ਸਪੋਰਟ ਕਰਨ?

? ਪਰ ਸਵਾਲ ਇਹ ਹੈ ਕਿ ਕਿਸੇ ਵੱਡੀ ਸਮੱਸਿਆ ਦੇ ਹੱਲ ਵਿਚ ਲੱਗਣ ਤੋਂ ਪਹਿਲਾਂ ਛੋਟੇ-ਮੋਟੇ ਸਵਾਰਥੀ ਝਗੜਿਆਂ ਨੂੰ ਛੱਡਣਾ ਜ਼ਰੂਰੀ ਹੈ, ਮਸਲਨ ਤੁਸੀਂ ਦੇਖੋ ਤੁਸੀਂ ਹਾਲ ਹੀ ਦੇ ਹਰਿਮੰਦਰ ਸਾਹਿਬ ਅਪਰੇਸ਼ਨ ਨੂੰ ਉਚਿਤ ਠਹਿਰਾਇਆ ਜਦੋਂ ਕਿ ਚੰਡੀਗੜ੍ਹ ਵਿਚ ਬਰਨਾਲਾ ਅਤੇ ਦੂਜੇ ਨੇਤਾਵਾਂ ਨੇ ਇਸ ਦਾ ਵਿਰੋਧ ਕੀਤਾ। ਇਸ ਨਾਲ ਬਹੁਤੀ ਅਸਪਸ਼ਟ ਅਤੇ ਭੁਲੇਖਾ ਪਾਉਣ ਵਾਲੀ ਤਸਵੀਰ ਨਹੀਂ ਬਣਦੀ?

— ਬਰਨਾਲਾ ਸਾਹਿਬ ਦਾ ਕਹਿਣਾ ਹੈ ਕਿ ਅਸੀਂ ਆਖਰੀ ਦਮ ਤਕ ਹਿੰਸਾ ਦੇ ਵਿਰੁਧ ਲੜਦੇ ਰਹਾਂਗੇ ਕੇਂਦਰੀ ਸਰਕਾਰ ਨੇ ਕੀ ਕੀਤਾ। ਬੂਟਾ

ਸਿੰਘ ਸੈਂਟਰ ਵਿਚ ਹਮੇਸ਼ਾ ਉਨ੍ਹਾਂ ਨੂੰ ਬਦਨਾਮ ਕਰਦਾ ਰਿਹਾ। ਤਾਂ ਕੀ ਬੂਟਾ ਸਿੰਘ ਠੀਕ ਕਰ ਰਹੇ ਹਨ ? ਹੁਣ ਵੀ ਜਦੋਂ ਵੀ ਮੌਕਾ ਹੁੰਦਾ ਹੈ; ਬੂਟਾ ਸਿੰਘ ਅਕਾਲੀ ਦਲ ਦਾ ਲੌਂਗੋਵਾਲ ਗਰੁਪ ਹੋਵੇ ਜਾਂ ਯੂ. ਏ. ਡੀ. ਉਸ ਦਾ ਵਿਰੋਧ ਕਰਦੇ ਹਨ। ਬਾਦਲ ਜਦੋਂ ਮੰਗ ਕਰਦੇ ਹਨ ਕਿ ਬੰਦੀਆਂ ਨੂੰ ਰਿਹਾ ਕੀਤਾ ਜਾਵੇ, ਆਮ ਮੁਆਫੀ ਦਿੱਤੀ ਜਾਵੇ, ਤਾਂ ਸਰਕਾਰ ਕਹਿੰਦੀ ਹੈ ਉਹ ਅਤਿਵਾਦੀਆਂ ਨਾਲ ਮਿਲੇ ਹੋਏ ਹਨ। ਹੁਣ ਸਰਕਾਰ ਕੀ ਕਰ ਰਹੀ ਹੈ। ਜਸਬੀਰ ਸਿੰਘ ਰੋਡੇ ਨੂੰ ਛੱਡਿਆ ਉਸ ਨਾਲ ਗੱਲ ਕਰ ਰਹੀ ਹੈ। ਬਾਦਲ ਤੇ ਦੋਸ਼ ਹੈ ਕਿ ਉਹ ਅਤਿਵਾਦੀਆਂ ਨਾਲ ਮਿਲਿਆ ਹੋਇਆ ਹੈ ਪਰ ਇਹ ਸਰਕਾਰ ਕਿਸ ਦੇ ਨਾਲ ਗੱਲ ਕਰ ਰਹੀ ਹੈ ?

? ਤੁਹਾਡੇ ਵਿਚਾਰ ਵਿਚ ਪੰਜਾਬ ਦੀ ਮੌਜੂਦਾ ਹਾਲਤ ਵਿਚ ਜਸਬੀਰ ਸਿੰਘ ਰੋਡੇ ਦੀ ਭੂਮਿਕਾ ਕੀ ਹੋ ਸਕਦੀ ਹੈ ?

— ਜਸਬੀਰ ਸਿੰਘ ਰੋਡੇ ਭਿੰਡਰਾਂਵਾਲਿਆਂ ਦਾ ਭਤੀਜਾ ਹੈ, ਸਰਕਾਰ ਨੇ ਇਹ ਸਮਝ ਕੇ ਉਸ ਨੂੰ ਛੱਡਿਆ ਕਿ ਉਹ ਕੰਮ ਕਰ ਲਵੇਗਾ। ਮੈਂ ਕਿਹਾ ਕਿ ਜੇਕਰ ਤੁਸੀਂ ਅਜਿਹਾ ਸਮਝਿਆ ਹੈ ਤਾਂ ਉਸ ਨੂੰ ਮੌਕਾ ਤਾਂ ਦਿਉ ਕੰਮ ਕਰਨ ਦਾ। ਉਸ ਨੂੰ ਕੋਈ ਮੌਕਾ ਨਹੀਂ ਦਿੱਤਾ ਗਿਆ।

? ਪੰਜਾਬ ਸਮੱਸਿਆ ਦੇ ਸੰਦਰਭ ਵਿਚ ਬੂਟਾ ਸਿੰਘ ਦੀ ਰਾਜਨੀਤਕ ਸੋਚ ਅਤੇ ਉਨ੍ਹਾਂ ਦੇ ਰੋਲ ਨੂੰ ਤੁਸੀਂ ਕਿਵੇਂ ਲੈਂਦੇ ਹੋ ?

— ਪੰਜਾਬ ਦੀ ਸਮੱਸਿਆ ਤੇ ਬੂਟਾ ਸਿੰਘ ਦੀ ਰਾਜਨੀਤਕ ਸੋਚ ਅਤੇ ਉਨ੍ਹਾਂ ਦਾ ਕੰਮ-ਕਾਜ ਗਲਤ ਰਿਹਾ ਹੈ।

? ਉਨ੍ਹਾਂ ਦੀ ਗਲਤ ਰਾਜਨੀਤਕ ਸੋਚ ਅਤੇ ਕੰਮ-ਕਾਜ ਨੂੰ ਤੁਸੀਂ ਸੋਚੀ ਸਮਝੀ ਸਾਜ਼ਿਸ਼ ਮੰਨਦੇ ਹੋ ?

— ਇਹ ਮੈਂ ਕਿਵੇਂ ਕਹਿ ਸਕਦਾ ਹਾਂ। ਮੈਂ ਇਹ ਕਹਿ ਸਕਦਾ ਹਾਂ ਕਿ ਉਨ੍ਹਾਂ ਦੀਆਂ ਨੀਤੀਆਂ ਨਾਲ ਨਾ ਪੰਜਾਬ ਨੂੰ, ਨਾ ਸਿਖਾਂ ਨੂੰ, ਲੰਮੇ ਸਮੇਂ ਦੇ ਦ੍ਰਿਸ਼ਟੀਕੋਣ ਨਾਲ ਦੇਖੀਏ, ਤਾਂ ਨਾ ਮੁਲਕ ਨੂੰ ਕੋਈ ਫਾਇਦਾ ਹੋਇਆ ਹੈ।

? ਪੰਜਾਬ ਸਮੱਸਿਆ ਤੇ ਰਾਜੀਵ ਗਾਂਧੀ ਦੀ ਭੂਮਿਕਾ ਕਿਵੇਂ ਅੰਕਦੇ ਹੋ ?

— ਮੇਰੇ ਖਿਆਲ ਵਿਚ ਉਸ ਨੇ ਮੁਲਕ ਦੀ ਇਜ਼ਤ ਨੂੰ ਜਿੰਨਾ ਨੀਵਾਂ ਕੀਤਾ ਹੈ ਉਨਾ ਕਿਸੇ ਨੇ ਨਹੀਂ ਕੀਤਾ। ਰਾਜੀਵ ਗਾਂਧੀ ਇਕ ਪਾਸੇ ਕੁਝ ਬੋਲਦੇ ਹਨ ਦੂਜੇ ਪਾਸੇ ਕੁਝ ਬੋਲਦੇ ਹਨ। ਮੈਨੂੰ ਲਗਦਾ ਹੈ ਕਿ ਰਾਜੀਵ ਗਾਂਧੀ ਵਿਚ ਕਿਸੇ ਗੱਲ ਨੂੰ ਪੂਰੀ ਤਰ੍ਹਾਂ ਸੋਚਣ ਦੀ ਤਾਕਤ ਵੀ ਨਹੀਂ ਹੈ।

? ਹਰਿਮੰਦਰ ਸਾਹਿਬ ਦੇ ਆਸ ਪਾਸ ਸੁਰੱਖਿਆ ਪੱਟੀ ਬਨਾਉਣ ਦੀ ਗੱਲ ਹੋ ਰਹੀ ਹੈ। ਤੁਹਾਨੂੰ ਲਗਦਾ ਹੈ ਕਿ ਅਤਿਵਾਦੀਆਂ ਨੂੰ ਰੋਕਣ ਵਿਚ ਸੁਰੱਖਿਆ ਪੱਟੀ ਕਾਰਗਰ ਸਾਬਤ ਹੋਵੇਗੀ ?

— ਇਹ ਗੱਲ 1984 ਵਿਚ ਵੀ ਚੱਲੀ ਸੀ। ਇਸ ਲਈ ਹਰਿਮੰਦਰ ਸਾਹਿਬ ਦੁਆਲੇ ਵਸੇ ਹਜ਼ਾਰਾਂ ਲੋਕਾਂ ਨੂੰ ਉਥੋਂ ਹਟਾ ਕੇ ਕਿਸੇ ਠੀਕ ਥਾਂ ਤੇ ਵਸਾਉਣਾ ਪਵੇਗਾ। ਇਹ ਬਹੁਤ ਵੱਡਾ ਕੰਮ ਹੈ। ਇਸ ਲਈ ਥਾਂ ਲੱਭਣੀ ਪਵੇਗੀ। ਫਿਰ ਲੋਕਾਂ ਨੂੰ ਉਥੇ ਲਿਜਾ ਕੇ ਵਸਾਉਣਾ ਪਵੇਗਾ। ਇਹ ਯੋਜਨਾ ਸਫਲ ਹੋਵੇਗੀ ਮੈਨੂੰ ਇਸ ਤੇ ਸ਼ੱਕ ਹੈ। ਸਾਡੀ ਸਰਕਾਰ ਇਤਨੀ ਹੁਸ਼ਿਆਰ ਨਹੀਂ ਹੈ। ਜੇਕਰ ਤੁਸੀਂ ਹਰਿਮੰਦਰ ਸਾਹਿਬ ਦੁਆਲੇ ਵਸੇ ਲੋਕਾਂ ਨੂੰ ਬਿਨਾਂ ਠੀਕ-ਠਾਕ ਥਾਂ ਦਿੱਤੇ ਉਨ੍ਹਾਂ ਨੂੰ ਘਰੋਂ ਕੱਢ ਦਿਉਗੇ ਤਾਂ ਹੋ ਸਕਦਾ ਹੈ ਕੁਝ ਹੋਰ ਲੋਕ ਅਤਿਵਾਦੀ ਬਣ ਜਾਣ। ਇਹ ਯੋਜਨਾ ਪ੍ਰੈਕਟੀਕਲ ਹੋ ਸਕਦੀ ਹੈ ਜੇਕਰ ਸਾਧਨ ਹੋਣ ਅਤੇ ਮੈਨੇਜ ਕਰਨ ਦੀ ਯੋਗਤਾ ਹੋਵੇ।

# ਗਲਿਆਰਾ ਯੋਜਨਾ ਬਾਰੇ ਹੁਣ ਤੋਂ ਹੀ ਨਿਗਮ ਦੇ ਅਧਿਕਾਰੀਆਂ ’ਤੇ ਵਾਰੇ ਨਿਆਰੇ ਦੇ ਦੋਸ਼

ਅੰਮ੍ਰਿਤਸਰ — ਦਰਬਾਰ ਸਾਹਿਬ ਕੰਪਲੈਕਸ ਨੂੰ ਵਧੇਰੇ ਸੁੰਦਰ ਬਣਾਉਣ ਲਈ ਕੇਂਦਰੀ ਸਰਕਾਰ ਵਲੋਂ ਇਸ ਦੇ ਆਲੇ-ਦੁਆਲੇ ਇਕ ਗਲਿਆਰਾ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ ਅਤੇ ਇਸ ਗਲਿਆਰਾ ਯੋਜਨਾ ਦੇ ਸੰਬੰਧ ਵਿਚ ਪਹਿਲੇ ਪੜਾਅ ਭਾਵ ਕਿ "ਫੇਜ਼ ਏ" ਦਾ ਕੰਮ 7 ਜੂਨ ਤੋਂ ਸ਼ੁਰੂ ਹੈ। ਪਰ ਕਾਰਪੋਰੇਸ਼ਨ ਦੇ ਸੰਬੰਧਤ ਅਧਿਕਾਰੀਆਂ ਜਿਨ੍ਹਾਂ ਨੇ ਇਹ ਯੋਜਨਾ ਲਾਗੂ ਕਰਵਾਉਣੀ ਹੈ, ਉਨ੍ਹਾਂ ਤੇ ਹੁਣ ਤੋਂ ਹੀ ਆਪਣੇ "ਵਾਰੇ ਨਿਆਰੇ" ਕਰਵਾਉਣ ਦੇ ਦੋਸ਼ ਲਗਣੇ ਸ਼ੁਰੂ ਹੋ ਗਏ ਹਨ। ਦਰਬਾਰ ਸਾਹਿਬ ਕੰਪਲੈਕਸ ਦੀ ਚਾਰਦੀਵਾਰੀ ਤੋਂ 30 ਮੀਟਰ ਦੇ ਘੇਰੇ ਦੇ ਅੰਦਰ ਆਉਣ ਵਾਲੀਆਂ ਬਿਲਡਿੰਗਾਂ ਅਤੇ ਬਾਜ਼ਾਰਾਂ ਨੂੰ ਸਰਕਾਰ ਆਪਣੇ ਕਬਜ਼ੇ ਵਿਚ ਲੈ ਰਹੀ ਹੈ। ਇਨ੍ਹਾਂ ਬਿਲਡਿੰਗਾਂ ਨੂੰ ਡੇਗ ਕੇ ਵੱਡਾ ਗਲਿਆਰਾ ਤਿਆਰ ਕੀਤਾ ਜਾਵੇਗਾ।

ਇਸ ਯੋਜਨਾ ਦਾ ਨਕਸ਼ਾ ਕਾਰਪੋਰੇਸ਼ਨਾਂ ਦੇ ਸਿਟੀ ਟਾਊਨ ਪਲੈਨਿੰਗ ਵਿਭਾਗ ਵਲੋਂ ਤਿਆਰ ਕਰਕੇ ਸੰਬੰਧਤ ਬਾਜ਼ਾਰ ਵਿਚ ਕੰਧਾਂ ਤੇ ਲਾਇਆ ਗਿਆ ਹੈ। "ਫੇਜ਼ ਏ" ਵਿਚ ਜਿਨ੍ਹਾਂ ਇਲਾਕਿਆਂ ਦੀਆਂ ਬਿਲਡਿੰਗਾਂ ਡੇਗੀਆਂ ਜਾਣੀਆਂ ਹਨ, ਉਨ੍ਹਾਂ ਵਿਚ ਚੌਕ ਘੰਟਾ ਘਰ ਤੋਂ ਸ਼ੁਰੂ ਹੋ ਕੇ ਬਾਜ਼ਾਰ ਮਾਈ ਸੇਵਾਂ, ਬਾਜ਼ਾਰਾ ਥੜ੍ਹਾ ਸਾਹਿਬ, ਗਲੀ ਗੁਰਦੁਆਰਾ ਗੁਰਬਖਸ਼ ਸਿੰਘ, ਬਾਜ਼ਾਰ ਕਾਠੀਆਂ, ਗਲੀ ਰਾਗੀਆਂ, ਬਾਜ਼ਾਰ ਮੁਨਿਆਰਾਂ ਦੇ ਇਲਾਕੇ ਸ਼ਾਮਲ ਹਨ। ਇਸ "ਫੇਜ਼ ਏ" ਦਾ ਕੰਮ ਸ਼ੁਰੂ ਹੋਣ ਵਿਚ ਜਿਥੇ ਹਾਲੇ ਇਕ ਦੋ ਦਿਨ ਬਾਕੀ ਹਨ ਪਰ ਇਸ ਸੰਬੰਧ ਵਿਚ 13 ਦੁਕਾਨਦਾਰਾਂ ਨੇ ਅੰਮ੍ਰਿਤਸਰ ਕਾਰਪੋਰੇਸ਼ਨ ਨੂੰ ਆਪਣੇ ਹਸਤਾਖਰਾਂ ਦਾ ਇਕ ਸ਼ਿਕਾਇਤ ਪੱਤਰ ਭੇਜਿਆ ਹੈ ਅਤੇ ਕਾਰਪੋਰੇਸ਼ਨ ਦੇ ਕੁਝ ਅਧਿਕਾਰੀਆਂ ਵਿਰੁਧ ਜਿਨ੍ਹਾਂ ਨੇ ਇਹ ਕੰਮ ਕਰਾਉਣਾ ਹੈ, ਦੋਸ਼ ਲਾਇਆ ਹੈ ਕਿ ਉਨ੍ਹਾਂ ਨੇ ਆਪਣੇ ਸੁਆਰਥਾਂ ਨੂੰ ਮੁਖ ਰਖ ਕੇ ਯੋਜਨਾ ਵਿਚ ਤਬਦੀਲੀ ਕੀਤੀ ਹੈ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਨੂੰ ਆਪਣੀ ਯੋਜਨਾ ਵਿਚ ਸ਼ਾਮਲ ਕੀਤਾ ਹੈ ਆਪਣੇ "ਵਾਰੇ ਨਿਆਰੇ" ਵੀ ਕੀਤੇ ਹਨ। ਕਾਰਪੋਰੇਸ਼ਨਾਂ ਦੇ ਕਮਿਸ਼ਨਰ ਨੂੰ ਲਿਖੇ ਇਸ ਸ਼ਿਕਾਇਤ ਪੱਤਰ ਵਿਚ ਕਿਹਾ ਗਿਆ ਹੈ ਕਿ ਸੰਬੰਧਤ ਨਿਗਮ ਅਧਿਕਾਰੀਆਂ ਨੇ ਕੁਝ ਜਾਇਦਾਦਾਂ ਦੇ ਮਾਲਕਾਂ ਜਿਨ੍ਹਾਂ ਦੀਆਂ ਜਾਇਦਾਦਾਂ ਨੂੰ ਅੱਜ ਤੱਕ "ਤੰਗ ਗਲੀਆਂ ਵਿਚ ਬੰਦ" ਹੋਣ ਕਰਕੇ ਕੋਈ ਉਨ੍ਹਾਂ ਨੂੰ ਕੌਡੀਆਂ ਦੇ ਭਾਅ ਖਰੀਦਣ ਲਈ ਤਿਆਰ ਨਹੀਂ ਸੀ, ਨੇ ਕਾਰਪੋਰੇਸ਼ਨ ਦੇ ਅਧਿਕਾਰੀਆਂ ਤੇ ਆਪਦਾ ਪ੍ਰਭਾਵ ਪਾ ਕੇ ਗਲਿਆਰਿਆਂ ਨੂੰ ਆਪਣੀਆਂ ਜਾਇਦਾਦਾਂ ਤਕ ਵਧਵਾ ਲਿਆ ਹੈ ਜਿਸ ਕਰਕੇ ਉਨ੍ਹਾਂ ਦੀਆਂ ਜਾਇਦਾਦਾਂ ਮੁਖ ਬਾਜ਼ਾਰ ਵਿਚ ਹੋਣ ਕਰਕੇ ਰਾਤੋ ਰਾਤ ਲੱਖਾਂ ਰੁਪਏ ਦੇ ਮੁੱਖ ਦੀਆਂ ਹੋ ਗਈਆਂ ਹਨ।

## ਜ਼ਿਆ ਦਾ ਪੱਤਾ ਕੱਟੇ ਜਾਣ ਦੀ ਯੋਜਨਾ ਬਣੀ ਸੀ

ਇਸਲਾਮਾਬਾਦ — ਪਾਕਿਸਤਾਨ ਦੇ ਰਾਸ਼ਟਰਪਤੀ ਜਨਰਲ ਜ਼ਿਆ-ਉਲ-ਹੱਕ ਦੀ ਤੀਹ ਮਈ ਨੂੰ ਪ੍ਰਸਤਾਵਿਤ ਚੀਨ ਯਾਤਰਾ ਦੌਰਾਨ ਦੇਸ਼ ਵਿਚ ਉਨ੍ਹਾਂ ਦੀ ਗੈਰ ਮੌਜੂਦਗੀ ਦੌਰਾਨ ਹੀ ਉਨ੍ਹਾਂ ਨੂੰ ਸੈਨਾ ਮੁਖੀ ਦੇ ਅਹੁਦੇ ਤੋਂ ਹਟਾ ਦਿਤੇ ਜਾਣ ਦੀ ਯੋਜਨਾ ਸੀ। ਜਨਰਲ ਜ਼ਿਆ ਦੇ ਇਲਾਵਾ ਫੌਜੀ ਅਤੇ ਗੈਰ ਫੌਜੀ ਸੰਗਠਨਾਂ ਦੇ ਕਈ ਬੇਹੱਦ ਨਾਜ਼ੁਕ ਵਿਭਾਗਾਂ ਦੇ ਮੁਖੀਆਂ ਨੂੰ ਵੀ ਉਨ੍ਹਾਂ ਦੇ ਅਹੁਦਿਆਂ ਤੋਂ ਹਟਾ ਦਿਤਾ ਜਾਣਾ ਸੀ। ਇਹ ਦਾਅਵਾ ਭਰੋਸੇਯੋਗ ਸੂਤਰਾਂ ਨੇ ਕੀਤਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਦੇ ਸਕੱਤਰੇਤ ਤੋਂ ਮਿਲੀਆਂ ਕੁਝ ਫਾਈਲਾਂ ਤੋਂ ਇਸ ਮਨੋਰਥ ਦੀ ਸਮਗਰੀ ਮਿਲੀ ਹੈ।

## ਹੇਮ ਕੁੰਟ ਸਾਹਿਬ ਦੀ ਯਾਤਰਾ 15 ਤੋਂ

ਚੰਡੀਗੜ੍ਹ — ਯੂ. ਪੀ. ਦੇ ਸਰਹੱਦੀ ਜ਼ਿਲਾ ਚਮੋਲੀ ਵਿਚ ਸਿਖਾਂ ਦੇ ਪਵਿੱਤਰ ਅਸਥਾਨ ਗੁਰਦੁਆਰਾ ਹੇਮ ਕੁੰਟ ਸਾਹਿਬ ਦੀ ਯਾਤਰਾ 15 ਜੂਨ ਤੋਂ ਸ਼ੁਰੂ ਹੋਵੇਗੀ। ਚੰਡੀਗੜ੍ਹ ਟੂਰਿਜ਼ਮ ਪਰੋਮੋਟਰ ਸ੍ਰੀ ਨਰਿੰਦਰ ਸਿੰਘ ਨੇ ਯੂ. ਪੀ. ਦੇ ਮੁਖ ਮੰਤਰੀ ਸ੍ਰੀ ਵੀਰ ਬਹਾਦਰ ਸਿੰਘ ਨੂੰ ਇਸ ਸਿਲਸਿਲੇ ਵਿਚ ਲਿਖੀ ਆਪਣੀ ਚਿੱਠੀ ਵਿਚ ਮੰਗ ਕੀਤੀ ਹੈ ਕਿ ਹੇਮਕੁੰਟ ਸਾਹਿਬ ਵਿਚ ਜਾਣ ਵਾਲੇ ਯਾਤਰੀਆਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਹੇਮ ਕੁੰਟ ਸਾਹਿਬ ਦੇ ਸਰਬ ਪੱਖੀ ਵਿਕਾਸ ਲਈ ਇਕ ਲੰਬੀ ਚੌੜੀ ਯੋਜਨਾ ਤਿਆਰ ਕੀਤੀ ਜਾਣੀ ਚਾਹੀਦੀ ਹੈ।

ਵੈਨਕੂਵਰ ਵਿਚ ਭਾਰਤੀਆਂ ਦਾ ਫਰਨੀਚਰ ਸਟੋਰ

ROYAL new-used FURNITURE

ਰੌਇਲ ਫਰਨੀਚਰ ਲਿਮਿਟਿਡ

ROYAL HIGH IN QUALITY LOWEST IN PRICES

2607 ਮੇਨ ਸਟਰੀਟ, ਵੈਨਕੂਵਰ, ਬੀ. ਸੀ.

Ph. 874-9525

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

● ਲਿਵਿੰਗ ਰੂਮ ● ਡਾਇਨਿੰਗ ਰੂਮ ● ਬੈਡ ਰੂਮ ਅਤੇ ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ

* New * Used or * Trade-ins

ਫਰਨੀਚਰ ਦੀ ਦੁਨੀਆਂ ਵਿਚ 36 ਸਾਲ ਪੁਰਾਣਾ ਸਟੋਰ

WE WILL BEAT ANY PRICE BY 5%

ਅਸੀਂ ਕਿਸੇ ਦੀ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ 5% ਨਾਲ ਬੀਟ ਕਰਾਂਗੇ!

LOWEST PRICES GUARANTEED

ROYAL FURNITURE LTD.

2607 MAIN STREET (at 10th. AVE.), VANCOUVER, B.C.

VISA MasterCard

MASTER CARD VISA ACCEPTED

TEL. 874-9525

# ਦਰਬਾਰ ਸਾਹਿਬ ਦੀ ਸਥਿਤੀ ਲਈ ਸ਼੍ਰੋ: ਕਮੇਟੀ ਜ਼ਿਮੇਵਾਰ — ਰਛਪਾਲ ਸਿੰਘ

ਨਵੀਂ ਦਿੱਲੀ — ਸਿੰਘ ਸਾਹਿਬਾਨ ਭਾਈ ਜਸਬੀਰ ਸਿੰਘ ਰੋਡੇ ਅਤੇ ਦੂਜੇ ਸਿੰਘ ਸਾਹਿਬਾਨ ਨੇ ਤਾਂ ਕੁਝ ਸਮਾਂ ਪਹਿਲਾਂ ਹੀ ਆਪਣੀਆਂ ਜ਼ਿਮੇਂਵਾਰੀਆਂ ਸੰਭਾਲੀਆਂ ਸਨ, ਇਸ ਲਈ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦੀ ਵਿਵਾਦ ਪੂਰਣ ਸਥਿਤੀ ਦੇ ਲਈ ਪੂਰੀ ਤਰ੍ਹਾਂ ਉਨ੍ਹਾਂ ਨੂੰ ਦੋਸ਼ੀ ਠਹਿਰਾਉਣਾ ਗਲਤ ਹੈ। ਰਛਪਾਲ ਸਿੰਘ ਪ੍ਰਧਾਨ ਅਕਾਲੀ ਦਲ (ਮਾਸਟਰ) ਨੇ ਇਥੇ ਜਾਰੀ ਇਕ ਬਿਆਨ ਵਿਚ ਇਹ ਵਿਚਾਰ ਪ੍ਰਗਟ ਕਰਦਿਆਂ ਹੋਇਆਂ ਆਖਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੰਪਲੈਕਸ ਦੀ ਇਸ ਸਥਿਤੀ ਲਈ ਆਪ ਸਭ ਤੋਂ ਵੱਧ ਜ਼ਿਮੇਂਵਾਰ ਹੈ, ਕਿਉਂਕਿ ਪ੍ਰਬੰਧ ਦੀ ਅਸਲੀ ਜ਼ਿਮੇਂਵਾਰੀ ਉਸਦੀ ਆਪਣੀ ਸੀ, ਜਿਸ ਨੂੰ ਉਹ ਠੀਕ ਢੰਗ ਨਾਲ ਨਿਭਾ ਨਹੀਂ ਸਕੀ, ਹੁਣ ਉਹ ਦੂਜਿਆਂ ਤੇ ਦੋਸ਼ ਲਾ ਕੇ ਬਚਣਾ ਚਾਹੁੰਦੀ ਹੈ। ਆਪ ਅਨੁਸਾਰ ਭਾਈ ਜਸਬੀਰ ਸਿੰਘ ਰੋਡੇ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਦੀਆਂ ਜ਼ਿਮੇਂਵਾਰੀਆਂ ਸੰਭਾਲਣ ਤੋਂ ਬਾਅਦ ਸਥਿਤੀ ਨੂੰ ਸੰਭਾਲਣ ਦੀ ਬਹੁਤ ਕੋਸ਼ਿਸ਼ ਕੀਤੀ ਹੈ, ਭਾਵੇਂ ਇਸ ਦੇ ਲਈ ਉਨ੍ਹਾਂ ਨੂੰ ਖਾੜਕੂਆਂ ਦੀ ਕਰੜੀ ਆਲੋਚਨਾ ਦਾ ਸ਼ਿਕਾਰ ਬਣਨਾ ਪਿਆ ਹੈ। ਇਸ ਦੇ ਬਾਵਜੂਦ ਸ਼੍ਰੋਮਣੀ ਕਮੇਟੀ ਦੇ ਮੁਖੀ ਇਕ ਪਾਸੇ ਉਨ੍ਹਾਂ ਨੂੰ ਤੇ ਦੂਜੇ ਪਾਸੇ ਸਰਕਾਰ ਨੂੰ ਦੋਸ਼ੀ ਠਹਿਰਾ ਰਹੇ ਹਨ ਅਤੇ ਆਪਣੇ ਉਪਰ ਕੋਈ ਜ਼ਿਮੇਂਵਾਰੀ ਨਹੀਂ ਲੈਣਾ ਚਾਹੁੰਦੇ। ਰਛਪਾਲ ਸਿੰਘ ਨੇ ਕਿਹਾ ਕਿ ਇਸ ਸਮੇਂ ਪੰਜਾਬ ਵਿਚ ਅਮਨ ਤੇ ਸ਼ਾਂਤੀ ਦਾ ਵਾਤਾਵਰਣ ਬਣਾਏ ਜਾਣ ਦੀ ਬਹੁਤ ਲੋੜ ਹੈ। 'ਆਪ੍ਰੇਸ਼ਨ ਕਾਲੀ ਗਰਜ' ਤੋਂ ਬਾਅਦ ਪੰਜਾਬ ਵਿਚ ਸ਼ਾਂਤੀ ਨਹੀਂ ਹੋ ਸਕੀ। ਲਗਾਤਾਰ ਕਤਲ ਹੋ ਰਹੇ ਹਨ। ਇਨ੍ਹਾਂ ਨੂੰ ਠੱਲ੍ਹ ਪਾਉਣ ਲਈ ਹਿੰਦੂਆਂ-ਸਿਖਾਂ ਵਿਚਕਾਰ ਏਕਤਾ ਦਾ ਹੋਣਾ ਬਹੁਤ ਜ਼ਰੂਰੀ ਹੈ। ਆਪ ਨੇ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੀ, ਆਪਣੇ ਪੰਜਾਬ ਅਤੇ ਆਪਣੇ ਦੇਸ਼ ਦੀ ਰੱਖਿਆ ਲਈ ਇਕ ਹੋ ਜਾਣ।

# ਵੀ. ਪੀ. ਸਿੰਘ ਜ਼ਰੂਰ ਜਿੱਤਣਗੇ — ਅਜੀਤ ਸਿੰਘ

ਇਲਾਹਾਬਾਦ — ਜਨਤਾ ਪਾਰਟੀ ਦੇ ਪ੍ਰਧਾਨ ਸ੍ਰੀ ਅਜੀਤ ਸਿੰਘ ਨੇ ਕਿਹਾ ਕਿ ਇਲਾਹਾਬਾਦ ਲੋਕ ਸਭਾਈ ਹਲਕੇ ਤੋਂ ਅਪੋਜ਼ੀਸ਼ਨ ਦੇ ਸਾਂਝੇ ਉਮੀਦਵਾਰ ਸ੍ਰੀ ਵੀ ਪੀ ਸਿੰਘ ਅਵੱਸ਼ ਜਿੱਤਣਗੇ। ਉਨ੍ਹਾਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਦੇ ਲੀਡਰ ਕਾਂਸ਼ੀ ਰਾਮ ਇਕਾ ਦੀਆਂ ਹੀ ਵੋਟਾ ਤੋੜਨਗੇ।



ਨਿਰਮਲ ਸਿੰਘ ਧਾਲੀਵਾਲ

**Thinking of Buying or Selling**

ਆਪਣੀ ਜਾਇਦਾਦ ਦੀ ਸਹੀ ਕੀਮਤ ਜਾਨਣ ਲਈ ਅਤੇ ਕਿਸੇ ਭੀ ਕਿਸਮ ਦੀ ਜਾਇਦਾਦ ਖ਼੍ਰੀਦਣ ਜਾਂ ਵੇਚਣ ਤੋਂ ਪਹਿਲਾਂ ਜ਼ਰੂਰ ਮਿਲੋ ਜਾਂ ਫ਼ੋਨ ਕਰੋ :

***For The Best Selection & 100% Satisfaction***

**NIRMAL (Neil) DHALIWAL**

Bus: **588-9955** Res: **597-2069**

Specializing in: Lots, New Homes, Investment Properties, Farms, Industrial & Commercials

LAKEVIEW REALTY LTD.
10732 KING GEORGE HWY., SURREY, B.C. V3T 2X7

**WORKING 100% FOR YOU**



GM **WESTMINSTER**

**12th. STREET AT QUEENS AVE., NEW WESTMINSTER, B.C.**

ਆਪ ਨਵੀਂ ਜਾਂ ਪੁਰਾਣੀ ਕਾਰ ਵੇਚਣੀ ਜਾਂ ਖ਼੍ਰੀਦਣੀ ਚਾਹੁੰਦੇ ਹੋ ਤਾਂ ਵਧੀਆ ਡੀਲ ਲਈ ਪ੍ਰੋਫੈਸ਼ਨਲ ਸੇਲਜ਼ਮੈਨ

**ਗੁਰਜੀਤ ਬਾਵਾ ਢੀਂਡਸਾ**

ਨੂੰ ਜ਼ਰੂਰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਵਧੀਆ ਕਾਰ ਵਾਜਬ ਕੀਮਤ ਤੇ ਦਿਵਾਉਣ ਦਾ ਵਾਅਦਾ ਕਰਦੇ ਹਨ।

- ਥੋੜ੍ਹੀ ਜਿਹੀ ਡਾਊਨ ਪੇਮੈਂਟ ਦੇ ਕੇ ਆਸਾਨ ਕਿਸ਼ਤਾਂ ਤੇ ਕਾਰ ਦਿਵਾ ਸਕਦੇ ਹਨ।

**BUS. 521-7731**
**Pager 687-1985 #5531**

FOR **BEST DEAL & BEST SERVICE**




ਗੁਰਜੀਤ ਢੀਂਡਸਾ ਬਾਵਾ

, ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

**ਘੱਟ ਤੋਂ ਘੱਟ ਕਿਰਾਏ**

London From $599^{00}$ Toronto From $299^{00}$

Toronto From $179^{00}$ [One Way]



***AUTHORIZED AGENTS FOR:***

AIR CANADA
BRITISH AIRWAYS
CATHAY PACIFIC
CANADIAN AIRLINES INTERNATIONAL
THAI AIRWAYS INTERNATIONAL
& OTHER MAJOR AIRLINES

ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ੍ਰੀ ਲੰਕਾ, ਨਿਊਜ਼ੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

**ਘੱਟ ਤੋਂ ਘੱਟ ਕਿਰਾਏ**

ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ

Prices are subject to change without notice

**BAINS TRAVEL SERVICE**

6364 Fraser Street, Vancouver, B.C. Ph. 324-2277
935 Marine Drive Capilano Mall, N. Vancouver
1710 Douglas St. Victoria, B.C. Ph. 386-6363

**ਪੰਜਾਬੀ ਮਾਰਕਿਟ ਵਿਚ**

**ਮਾਨ ਸ਼ੂਅ ਸਟੋਰ**



ਆਦਮੀਆਂ, ਔਰਤਾਂ, ਅਤੇ ਬੱਚਿਆਂ ਦੇ ਜੋੜੇ, ਚਮੜੇ ਦੇ ਅਟੈਚੀ, ਪਰਸ ਅਤੇ ਹੋਰ ਸਾਮਾਨ

**MENS, LADIES & CHILDRENS' SHOES AND LEATHER LUGGAGE & ACCESSORIES**

**Mohinder Singh Mann**
**ਮੁਹਿੰਦਰ ਸਿੰਘ ਮਾਨ**
**321-4353**

**MANN SHOE STORE**
6570 MAIN ST., VANCOUVER, B.C.

# ਅਲਾਹਾਬਾਦ ਚੋਣ ਇੰਕਾ ਤੇ ਅਪੋਜ਼ੀਸ਼ਨ ਲਈ ਵਕਾਰੀ

ਅਲਾਹਾਬਾਦ — ਅਲਾਹਾਬਾਦ ਲੋਕ ਸਭਾ ਸੀਟ ਲਈ 16 ਜੂਨ ਨੂੰ ਹੋਣ ਵਾਲੀ ਉਪ ਚੋਣ ਕਾਂਗਰਸ-ਆਈ ਅਤੇ ਅਪੋਜ਼ੀਸ਼ਨ ਦੋਵਾਂ ਲਈ ਵਾਟਰਲੂ ਸਿਧ ਹੋਵੇਗੀ। ਦੇਸ਼ ਭਰ ਦੀਆਂ ਅੱਖਾਂ ਇਸ ਸੀਟ ਦੇ ਨਿਕਲਣ ਵਾਲੇ ਨਤੀਜੇ ਦੀ ਉਡੀਕ ਵਿਚ ਲੱਗੀਆਂ ਹੋਈਆਂ ਹਨ। ਕਾਂਗਰਸ-ਆਈ ਦੇ ਉਮੀਦਵਾਰ ਸ੍ਰੀ ਸੁਨੀਲ ਸ਼ਾਸਤਰੀ (ਸਵਰਗੀ ਲਾਲ ਬਹਾਦਰ ਸ਼ਾਸਤਰੀ ਦਾ ਲੜਕਾ) ਅਤੇ ਅਪੋਜ਼ੀਸ਼ਨ ਦੇ ਸਾਂਝੇ ਉਮੀਦਵਾਰ ਜਨ ਮੋਰਚਾ ਆਗੂ ਤੇ ਸਾਬਕਾ ਰਖਿਆ ਮੰਤਰੀ ਸ੍ਰੀ ਵੀ ਪੀ ਸਿੰਘ ਤੋਂ ਇਲਾਵਾ ਬਹੁਜਨ ਸਮਾਜ ਪਾਰਟੀ ਦੇ ਸ੍ਰੀ ਕਾਂਸ਼ੀ ਰਾਮ ਇਸ ਵਕਾਰੀ ਸੀਟ ਲਈ ਕੁੰਡ ਫਸਾਈ ਬੈਠੇ ਹਨ। ਇਸ ਤੋਂ ਇਲਾਵਾ 65 ਆਜ਼ਾਦ ਉਮੀਦਵਾਰ ਵੀ 'ਹਮ ਪਾਂਚੋਂ ਸਵਾਰ ਦਿੱਲੀ ਸੇ ਆਏ' ਦੀ ਕਹਾਵਤ ਅਨੁਸਾਰ ਚੋਣ ਅਖਾੜੇ ਵਿਚ ਹਨ। ਅਜੇ ਚੋਣ ਅਖਾੜਾ ਭਖਿਆ ਨਹੀਂ ਜਦੋਂ ਕਿ ਗਰਮੀ ਤੇ ਮਿੱਟੀ ਦੇ ਭਰੇ ਝਖੜਾਂ ਨੇ ਵੋਟਰਾਂ ਦੀ ਨੀਂਦ ਹਰਾਮ ਕਰ ਰਖੀ ਹੈ ਜਿਸ ਤੋਂ ਵੋਟਰਾਂ ਦੇ ਦਿਲ ਦੀ ਗੱਲ ਦਾ ਕੁਝ ਪਤਾ ਨਹੀਂ ਲਗ ਰਿਹਾ। ਇਹ ਕੋਈ ਰਾਜਨੀਤਕ ਪ੍ਰੌੜ੍ਹਤਾ ਨਹੀਂ ਜਿਸ ਨੇ ਵੋਟਰਾਂ ਨੂੰ ਆਪਣੇ ਦਿਲ ਦੀ ਗੱਲ ਸੀਨੇ ਵਿਚ ਛੁਪਾ ਕੇ ਰਖਣ ਦੀ ਜਾਚ ਸਿਖਾਈ ਹੈ। ਵੋਟਾਂ ਪੈਣ ਵਿਚ ਕੇਵਲ 10 ਦਿਨ ਬਾਕੀ ਰਹਿਣ ਦੇ ਬਾਵਜੂਦ ਸ਼ਹਿਰ ਵਿਚ ਘੱਟ ਹੀ ਸਰਗਰਮੀ ਵੇਖਣ ਵਿਚ ਆਈ ਹੈ।

ਇਸ ਸੀਟ ਲਈ 1984 ਦੀਆਂ ਚੋਣਾਂ ਵਿਚ ਚੁਣੇ ਗਏ ਐਕਟਰ ਅਮਿਤਾਭ ਬਚਨ ਦੇ ਮੁਸਤਫੀ ਹੋਣ ਅਤੇ ਇਸ ਚੋਣ ਅਖਾੜੇ ਵਿਚੋਂ ਬਾਹਰ ਹੋ ਜਾਣ ਨਾਲ ਕਈ ਤਲਖੀਆਂ ਨੇ ਜਨਮ ਲਿਆ। ਬੋਫੋਰਸ ਅਤੇ ਪੱਛਮੀ ਜਰਮਨੀ ਤੋਂ ਡੁਬਕਣੀਆਂ ਖਰੀਦਣ ਦੇ ਮਾਮਲੇ ਦੋ ਵੱਡੇ ਮੁੱਦੇ ਹਨ ਜਿਹਨਾਂ ਨੂੰ ਅਪੋਜ਼ੀਸ਼ਨ ਨੇ ਚੋਣ ਲੜਨ ਦਾ ਆਧਾਰ ਬਣਾ ਰਖਿਆ ਹੈ। ਇਕ ਚਰਚਾ ਇਹ ਵੀ ਹੈ ਕਿ 31 ਮਈ ਨੂੰ ਇਕ ਆਜ਼ਾਦ ਉਮੀਦਵਾਰ ਨੂੰ ਆਪਣੀ ਚਾਹ ਦੀ ਦੁਕਾਨ ਵਿਚ ਬੈਠਿਆਂ ਗੋਲੀ ਮਾਰ ਦਿਤੀ ਜਿਸ ਕਰਕੇ ਚੋਣ ਮੁਲਤਵੀ ਹੋਣ ਦਾ ਸੰਦੇਹ ਹੈ।

ਲੋਕ ਦਲ ਦੇ ਪ੍ਰਧਾਨ ਹੇਮਵਤੀ ਨੰਦਨ ਬਹੁਗੁਣਾ ਵੀ. ਪੀ. ਸਿੰਘ ਨੂੰ ਕੌਮੀ ਰਾਜਨੀਤੀ ਵਿਚ ਲਿਆਉਣ ਵਾਲੇ ਸਨ ਪਰ ਇਹ ਸਿੰਘ ਹੀ ਸਨ ਜੋ ਬਹੁਗੁਣਾ ਨੂੰ ਕਾਂਗਰਸ-ਆਈ ਵਿਚੋਂ ਕੱਢਣ ਦਾ ਕਾਰਨ ਬਣੇ। ਹੁਣ ਉਹੋ ਸ੍ਰੀ ਬਹੁਗੁਣਾ 10 ਜੂਨ ਨੂੰ ਇਥੇ ਵੀ ਪੀ ਸਿੰਘ ਦੀ ਹਮਾਇਤ ਤੇ ਆ ਰਹੇ ਹਨ। ਅਲਾਹਾਬਾਦ ਵਿਚ ਚੋਣ ਬੁਖਾਰ ਮਾਪਣ ਦਾ ਅਸਲ ਬੈਰੋਮੀਟਰ ਅੰਦਰੂਨੀ ਸ਼ਹਿਰ ਦਾ ਚੌਕ ਲੋਕ ਨਾਥ ਹੈ ਜਿਥੇ ਚੋਣ ਪੋਸਟਰਾਂ, ਨਾਅਰਿਆਂ ਦੀ ਭਰਮਾਰ ਅਤੇ ਲਾਊਡ ਸਪੀਕਰਾਂ ਦੀਆਂ ਕੰਨ ਪਾੜਵੀਆਂ ਗੂੰਜਾਂ ਸੁਣਾਈ ਦੇਂਦੀਆਂ ਹਨ। ਸਵੇਰੇ ਸਵੇਰੇ ਐਸ਼ ਮਹਲ ਅਤੇ ਪਰਿਆਗ ਮਹਿਲਾ ਵਿਦਿਆ ਪੀਠ ਦੋ ਸਥਾਨ ਹਨ ਜਿਥੇ ਜਨ ਮੋਰਚਾ ਤੇ ਇੰਕਾ ਦੇ ਆਗੂ ਇਕੱਠੇ ਹੋ ਕੇ ਚੋਣ ਰਣਨੀਤੀ ਘੜਦੇ ਹਨ। ਨਵੀਂ ਦਿੱਲੀ ਤੋਂ ਅਜੀਤ ਦੇ ਪੱਤਰ ਪ੍ਰੇਰਕ ਰੰਚਨ ਅਨੁਸਾਰ ਸੱਤਾਧਾਰੀ ਪਾਰਟੀ ਇੰਕਾ ਨੇ ਅਲਾਹਾਬਾਦ ਦੀ ਉਪ ਚੋਣ ਜਿਤਣ ਲਈ ਆਪਣੀ ਸਾਰੀ ਤਾਕਤ ਝੋਂਕ ਦਿਤੀ ਹੈ। ਯੂ ਪੀ ਸਰਕਾਰ ਵੀ ਪੂਰਾ ਜ਼ੋਰ ਲਗਾ ਰਹੀ ਹੈ। ਸਰਕਾਰੀ ਮਸ਼ੀਨਰੀ ਦੀ ਵਰਤੋਂ ਕੀਤੇ ਜਾਣ ਦਾ ਵੀ ਦੋਸ਼ ਲਾਇਆ ਜਾ ਰਿਹਾ ਹੈ। ਵੱਡੀਆਂ ਵੱਡੀਆਂ ਇੰਕਾ ਤੋਪਾਂ ਅਲਾਹਾਬਾਦ ਪਹੁੰਚ ਰਹੀਆਂ ਹਨ। ਪਤਾ ਲੱਗਾ ਹੈ ਕਿ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਵੀ 12 ਜੂਨ ਨੂੰ ਬਦੇਸ਼ਾਂ ਦੇ ਦੌਰੇ ਤੋਂ ਆ ਕੇ ਅਲਾਹਾਬਾਦ ਆਉਣਗੇ। ਇੰਕਾ ਨੂੰ ਯਕੀਨ ਹੈ ਕਿ ਬਹੁਜਨ ਸਮਾਜ ਪਾਰਟੀ ਦਾ ਉਮੀਦਵਾਰ ਪੱਛੜੀ ਜਾਤੀਆਂ ਦੀਆਂ ਉਹ ਵੋਟਾਂ ਤੋੜ ਲਵੇਗਾ ਜੋ ਵੀ ਪੀ ਸਿੰਘ ਨੂੰ ਮਿਲ ਸਕਦੀਆਂ ਹਨ। ਬਹੁਜਨ ਸਮਾਜ ਪਾਰਟੀ ਨੇ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਵਿਚ 70 ਉਮੀਦਵਾਰ ਖੜੇ ਕੀਤੇ ਸਨ ਅਤੇ ਸਾਰਿਆਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਸਨ। ਅਲਾਹਾਬਾਦ ਲੋਕ ਸਭਾ ਹਲਕੇ ਦੇ ਬਹੁਤੇ ਖੇਤਰਾਂ ਵਿਚ ਤਾਂ ਬਹੁਜਨ ਸਮਾਜ ਪਾਰਟੀ ਦਾ ਕੋਈ ਵਜੂਦ ਹੀ ਨਹੀਂ। ਵੀ ਪੀ ਸਿੰਘ ਦੀ ਚੋਣ ਵਿਚ ਵਰਕਰਾਂ ਨੇ ਵਿਅਕਤੀਗਤ ਸੰਪਰਕ ਮੁਹਿੰਮ ਚਲਾ ਰਖੀ ਹੈ। ਵੱਡੇ ਵੱਡੇ ਅਪੋਜ਼ੀਸ਼ਨ ਆਗੂ ਆਂਧਰਾ, ਕਰਨਾਟਕ, ਹਰਿਆਣਾ ਅਤੇ ਪੱਛਮੀ ਬੰਗਾਲ ਦੇ ਮੁਖ ਮੰਤਰੀ, ਜਨਤਾ ਪਾਰਟੀ, ਸੀ ਆਈ ਪੀ, ਸੀ ਪੀ ਐਮ, ਅੱਨਾ ਡੀ ਐਮ ਕੇ (ਜਾਨਕੀ ਗਰੁੱਪ) ਦੇ ਨੇਤਾ ਅਲਾਹਾਬਾਦ ਪਹੁੰਚ ਰਹੇ ਹਨ। ਇੰਕਾ ਨੇ ਦਰਬਾਰ ਸਾਹਿਬ ਕੰਪਲੈਕਸ ਵਿਚ 'ਕਾਲੀ ਗਰਜ' ਅਪਰੇਸ਼ਨ ਦੀ ਪੂਰੀ ਸ਼ਿੱਦਤ ਨਾਲ ਵਰਤੋਂ ਸ਼ੁਰੂ ਕਰ ਦਿੱਤੀ ਹੈ। ਪੰਜਾਬ ਵਿਚਲੇ ਦਹਿਸ਼ਤਵਾਦ ਦਾ ਵੱਧ ਤੋਂ ਵੱਧ ਰਾਜਸੀ ਲਾਭ ਉਠਾਇਆ ਜਾ ਰਿਹਾ ਹੈ।

ਹਿ. ਸ. ਅਨੁਸਾਰ ਜਨ ਮੋਰਚੇ ਦੇ ਸ੍ਰੀ ਵੀ ਪੀ ਸਿੰਘ ਨੇ ਆਖਿਆ ਕਿ ਉਹਨਾਂ ਨੇ ਇਸ ਸੀਟ ਤੋਂ ਫਿਲਮੀ ਹਸਤੀ ਅਮਿਤਾਭ ਬਚਨ ਨੂੰ ਰੋਕ ਕੇ ਬਹੁਤ ਵੱਡੀ ਸਫਲਤਾ ਪ੍ਰਾਪਤ ਕੀਤੀ ਹੈ ਤੇ ਹੁਣ ਉਹ ਆਸਾਨੀ ਨਾਲ ਇਸ ਸੀਟ ਨੂੰ ਜਿੱਤ ਲੈਣਗੇ। ਦੂਜੇ ਪਾਸੇ ਇੰਕਾ ਉਮੀਦਵਾਰ ਸ੍ਰੀ ਸੁਨੀਲ ਸ਼ਾਸਤਰੀ ਦਾ ਕਹਿਣਾ ਹੈ ਕਿ ਉਹਨਾਂ ਦੀਆਂ ਵੋਟਾਂ ਤੇ ਬਹੁਜਨ ਸਮਾਜ ਪਾਰਟੀ ਦੇ ਬਾਬੂ ਕਾਂਸ਼ੀ ਰਾਮ ਦੇ ਖੜੇ ਹੋਣ ਨਾਲ ਕੋਈ ਫਰਕ ਨਹੀਂ ਪਵੇਗਾ ਪਰ ਬਾਬੂ ਕਾਂਸ਼ੀ ਰਾਮ (ਬਹੁਜਨ ਸਮਾਜ ਪਾਰਟੀ) ਨੇ ਦਾਅਵਾ ਕੀਤਾ ਹੈ ਕਿ ਇਸ ਹਲਕੇ ਦੀਆਂ 50 ਫੀਸਦੀ ਦਲਿਤਾਂ ਦੀਆਂ ਵੋਟਾਂ ਉਹ ਪ੍ਰਾਪਤ ਕਰਨਗੇ। ਉਹਨਾਂ ਆਖਿਆ ਕਿ ਉਹਨਾਂ ਦੇ ਚੋਣ ਜਲਸਿਆਂ ਵਿਚ ਜਿੰਨੀ ਸੰਖਿਆ ਵਿਚ ਲੋਕ ਸ਼ਾਮਲ ਹੁੰਦੇ ਹਨ ਉਸ ਨੂੰ ਦੇਖ ਕੇ ਉਹਨਾਂ ਦੇ ਵਿਰੋਧੀ ਉਮੀਦਵਾਰ ਬੁਖਲਾਹਟ ਵਿਚ ਊਲ-ਜਲੂਲ ਬੋਲ ਰਹੇ ਹਨ


# FOR SALE

**1. 15513 — 28 Ave. (Foreclosure)**

ਸਰੀ ਵਿਚ 6 ਬੈੱਡ ਰੂਮ ਦਾ ਘਰ ਜੋ ਕਿ ਢਾਈ ਏਕੜ ਵਿਚ ਹੈ, ਇਸ ਪ੍ਰਾਪਰਟੀ ਦੀਆਂ ਦੋ ਲਾਟਾਂ ਬਣਦੀਆਂ ਹਨ। ਦੂਸਰੀ ਲਾਟ 'ਤੇ ਵੀ ਘਰ ਬਣਾਇਆ ਜਾ ਸਕਦਾ ਹੈ। ਪ੍ਰਾਪਰਟੀ ਜਲਦੀ ਤੋਂ ਜਲਦੀ ਵੇਚਣੀ ਬਹੁਤ ਜ਼ਰੂਰੀ ਹੈ। ਕੀਮਤ ਸਿਰਫ $149,000 ਹੈ ਵਧੀਆ ਆਫ਼ਰ।

**2. 7314 - 124 St.**

ਸਰੀ ਵਿਚ 22 ਲਾਟਾਂ ਦੀ ਸਬ ਡਵੀਜ਼ਨ ਜੋ ਕਿ ਗੁਰਦੁਆਰੇ ਦੇ ਬਹੁਤ ਨੇੜੇ ਹੈ।

**3. 13515 - 81 Ave.**

ਸਰੀ ਵਿਚ 3 ਬੈਡ-ਰੂਮ ਦਾ ਘਰ ਜੋ ਕਿ ਸਿਰਫ਼ ਅੱਠ ਸਾਲ ਪੁਰਾਣਾ ਹੈ। ਗਰਮ ਪਾਣੀ ਵਾਲੀ ਹੀਟ ਹੈ। ਉਪਰ ਫੈਮਿਲੀ ਰੂਮ ਵੀ ਹੈ ਡਬਲ-ਗਰਾਜ ਤੇ ਹੋਰ ਬਹੁਤ ਕੁਝ ਹੈ। ਹੋਰ ਜਾਣਕਾਰੀ ਲਈ ਫੋਨ ਕਰੋ :

**ਦਲਜੀਤ ਸਿੰਘ ਤੂਰ**

**Daljit S. Toor**

**Bus: 590-1321**

**Res: 594-7629**

ROYAL LePAGE


## ਅਤਿਵਾਦੀਆਂ ਹੱਥੋਂ 6 ਜਵਾਨਾਂ ਸਣੇ 7 ਹਲਾਕ

ਕੋਹੀਮਾ — ਆਲ ਇੰਡੀਆ ਰੇਡੀਓ ਅਨੁਸਾਰ ਪਹੀਰਾ ਸਬ ਡਿਵੀਜ਼ਨ ਵਿਚ ਅਤਿਵਾਦੀਆਂ ਵਲੋਂ ਘਾਤ ਲਾ ਕੇ ਕੀਤੇ ਗਏ ਹਮਲੇ ਵਿਚ ਆਸਾਮ ਰਾਈਫਲ ਦੇ ਛੇ ਜਵਾਨ ਅਤੇ ਇਕ ਜੂਨੀਅਰ ਕਮਿਸ਼ਨਡ ਅਫਸਰ ਮਾਰਿਆ ਗਿਆ।




ਭਵਖੰਡਨ ਸਿੰਘ ਰਖਰਾ
Res. 324-4381

# ਖੁਸ਼ਖਬਰੀ!

ਭਵਖੰਡਨ ਰਖਰਾ ਨੇ ਆਪਣੀ ਕਮਿਊਨਿਟੀ ਦੀਆਂ ਕਾਰਾਂ ਸੰਬੰਧੀ ਲੋੜਾਂ ਨੂੰ ਮੁੱਖ ਰੱਖਦਿਆਂ ਵੌਲਫ ਸ਼ੈਵਰਲਟ ਓਲਡਜ਼ ਵਾਲਿਆਂ ਦੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਇਸ ਲਈ ਪੁਰਾਣੀਆਂ ਜਾਂ ਨਵੀਆਂ ਕਾਰਾਂ, ਵੈਨਾਂ, ਪਿਕ ਅੱਪ, ਟਰੱਕ ਖ਼੍ਰੀਦਣ ਲਈ ਇਕੋ ਇਕ ਭਰੋਸੇਯੋਗ ਨਾਮ ਯਾਦ ਰੱਖੋ

# ਭਵਖੰਡਨ ਸਿੰਘ ਰਖਰਾ



## ਸਾਡੇ ਕੋਲ ਹਰ MAKE ਤੇ MODEL ਦੀਆਂ ਪੁਰਾਣੀਆਂ ਕਾਰਾਂ ਵੀ ਹਨ

## G. M. FORD, CHRYSLER & OTHERS

ਕਾਰਾਂ ਤੁਸੀਂ ਥੋੜ੍ਹੀ ਜਿਹੀ ਡਾਊਨ ਪੇਮੈਂਟ ਦੇ ਕੇ
ਆਸਾਨ ਕਿਸ਼ਤਾਂ ਤੇ ਵੀ ਲੈ ਸਕਦੇ ਹੋ
ਅਸੀਂ ਤੁਹਾਡੇ ਲਈ ਫਾਈਨੈਂਸਿੰਗ ਦਾ ਵੀ ਪ੍ਰਬੰਧ
ਕਰਵਾ ਸਕਦੇ ਹਾਂ

## G.M. ਦੀਆਂ 1988 MODEL ਦੀਆਂ ਨਵੀਆਂ ਕਾਰਾਂ

SPRINT, CAVLIER, CORSICA, CELEBRITY, CAPRICE
CAMARO, BERETTA, CORVETTE
TORONADO, NINTY-EIGHT REGENCY,
DELTA-88 ROYAL, CUTLASS SUPREME,
CUTLASS CIERA, CUTLASS CRUISER,
CUTLASS CALAIS, FIRENZA

ਹੋਰ ਜਾਣਕਾਰੀ ਤੇ ਤਸੱਲੀਬਖਸ਼ ਸਰਵਿਸ ਲਈ ਸਾਡੇ ਸ਼ੋ ਰੂਮ 'ਚ ਆ ਕੇ BOB RAKHRA ਨੂੰ ਮਿਲੋ ਜਾਂ ਫੋਨ ਕਰੋ :

Wolfe — Chevrolet

**Ph. Off: 293-1311**

# Chevrolet Olds Mobile Ltd.

**1515 Boundry Road (at 1st Ave.) Vancouver, B.C.** [Behind Skeena St. Gurdwara]

## ਰਾਜ ਕਪੂਰ ਨੂੰ ਸ਼ਰਧਾਂਜਲੀਆਂ

ਬੰਬਈ — ਫਿਲਮ ਉਦਯੋਗ ਦੀ ਸ਼ੋਕ ਮੀਟਿੰਗ ਹੋਈ ਜਿਸ ਵਿਚ ਸੇਜਲ ਅੱਖਾਂ ਨਾਲ ਫਿਲਮ ਜਗਤ ਦੇ ਪਿਤਾਮਾ ਅਤੇ ਐਕਟਰ-ਡਾਇਰੈਕਟਰ ਸ੍ਰੀ ਰਾਜ ਕਪੂਰ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਮੀਟਿੰਗ ਵਿਚ ਬਹੁਤ ਸਾਰੀਆਂ ਫਿਲਮੀ ਹਸਤੀਆਂ ਨੇ ਸ਼ਮੂਲੀਅਤ ਕੀਤੀ ਮੀਟਿੰਗ ਦੀ ਪ੍ਰਧਾਨਗੀ ਆਲ ਇੰਡੀਆ ਫਿਲਮ ਪ੍ਰੋਡਿਊਸਰਜ਼ ਕੌਂਸਲ ਦੇ ਪ੍ਰਧਾਨ ਸ੍ਰੀ ਵਿਜੇ ਅਨੰਦ ਨੇ ਕੀਤੀ।

## ਸਿੰਧ 'ਚ ਭਾਰਤ ਦੀ ਕੋਈ ਰੁਚੀ ਨਹੀਂ — ਸਿੰਘ

ਇਸਲਾਮਾਬਾਦ — ਪਾਕਿਸਤਾਨ ਵਿਚ ਭਾਰਤੀ ਰਾਜਦੂਤ ਸ੍ਰੀ ਐਸ ਕੇ ਸਿੰਘ ਨੇ ਕਿਹਾ ਹੈ ਕਿ ਸਿੰਧ ਪ੍ਰਾਂਤ ਅਤੇ ਖਾਸ ਕਰਕੇ ਕਰਾਚੀ ਵਿਚ ਅਮਨ ਕਾਨੂੰਨ ਦੀ ਹਾਲਤ ਵਿਚ ਭਾਰਤ ਦੀ ਕੋਈ ਦਿਲਚਸਪੀ ਨਹੀਂ। ਉਨ੍ਹਾਂ ਕਿਹਾ ਕਿ ਭਾਰਤ ਦੇ ਗ੍ਰਿਹ ਸਕੱਤਰ ਅਤੇ ਪਾਕਿਸਤਾਨ ਦੇ ਗ੍ਰਿਹ ਸਕੱਤਰ ਵਿਚਕਾਰ ਹੁਣੇ ਜਿਹੇ ਹੋਈ ਗੱਲਬਾਤ ਵਿਚ ਭਾਰਤ ਨੇ ਇਸ ਸੰਬੰਧ ਵਿਚ ਆਪਣੀ ਸਥਿਤੀ ਸਪੱਸ਼ਟ ਕਰ ਦਿੱਤੀ ਸੀ। ਸ੍ਰੀ ਸਿੰਘ ਤੋਂ ਪੁਛਿਆ ਗਿਆ ਸੀ ਕਿ ਕੀ ਭਾਰਤ ਸਰਕਾਰ ਪੰਜਾਬ ਸਮੱਸਿਆ ਤੋਂ ਆਪਣੇ ਲੋਕਾਂ ਦਾ ਧਿਆਨ ਹਟਾਉਣ ਲਈ ਅਜਿਹਾ ਕਰ ਰਹੀ ਹੈ, ਤਾਂ ਸ੍ਰੀ ਸਿੰਘ ਨੇ ਉਕਤ ਜਵਾਬ ਦਿੱਤਾ ਸੀ। ਉਨ੍ਹਾਂ ਕਿਹਾ ਕਿ ਪੰਜਾਬ ਸਮੱਸਿਆ ਜਲਦੀ ਹੀ ਹਲ ਹੋ ਜਾਏਗੀ।

CALL US FIRST

IATA APPROVED OFFICE

**Express Internationl Travel (1986) Ltd.** ATAC

Approved Agent All Major Airlines

**ਸਪੈਸ਼ਲ ਧਮਾਕੇਦਾਰ ਸੇਲ ਲੱਗ ਗਈ**

ਸਿੰਘਾਂਪੁਰ $1050 ਰੀਟਰਨ ਹਾਂਗਕਾਂਗ $870 ਰੀਟਰਨ ਟਰਾਂਟੋ $299 ਰੀਟਰਨ ਇੰਗਲੈਂਡ $635 ਰੀਟਰਨ

ਐਡਮਿੰਟਨ $176 ਰੀਟਰਨ ਕੈਲਗਰੀ $148 ਰੀਟਰਨ

ਸਾਡੇ ਕੋਲ ਸਪੈਸ਼ਲ ਇੰਮੀਗਰੇਂਟ ਕਿਰਾਏ ਲਈ ਟਿਕਟਾਂ ਮਿਲਦੀਆਂ ਹਨ।

ਵੀਜ਼ਾ ਅਤੇ ਪਾਸਪੋਰਟ ਲੈਣ ਵਿਚ ਅਸੀਂ ਬਿਨਾਂ ਮੁਆਵਜ਼ੇ ਦੇ ਤੁਹਾਡੀ ਮੱਦਦ ਕਰਦੇ ਹਾਂ।

ਇਕ ਟਿਕਟ ਲੈਣ ਦੇ ਨਾਲ 1 ਲੱਖ ਡਾਲਰ ਦੀ ਟਰੈਵਲ ਇਨਸ਼ੋਰੇਂਸ ਮੁਫਤ ਦਿੱਤੀ ਜਾਵੇਗੀ

ਦਿੱਲੀ ਤੋਂ ਵੈਨਕੂਵਰ ਤੱਕ ਸਸਤੇ ਕਿਰਾਏ ਲਈ ਸਾਨੂੰ ਮਿਲੋ **Ph. 321-8777**

5787 Victoria Drive, Vancouver,



AJIT KANG

**ਜਗਦੀਸ਼ ਸਿੰਘ** ਨੋਟਰੀ ਪਬਲਿਕ (ਬੀ. ਏ. ਐਲ. ਐਲ. ਬੀ. (ਪੰਜਾਬ ਯੂਨੀਵਰਸਿਟੀ) ਅਤੇ **ਇਮੀਗਰੇਸ਼ਨ ਸਲਾਹਕਾਰ**

ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ:—

- ਘਰ ਜਾਂ ਜ਼ਮੀਨ ਖ੍ਰੀਦਣ, ਵੇਚਣ ਲਈ ਜਾਂ ਮੋਰਗੇਜ਼ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
- ਵਸੀਅਤ, ਮੁਖਤਿਆਰਨਾਮੇ, ਐਫੀਡੇਵਿਟ, ਡੈਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
- ਪਾਸਪੋਰਟ ਨਾਂ ਦੀ ਤਬਦੀਲੀ

**ਅਤੇ ਇਮੀਗਰੇਸ਼ਨ**

ਦੇ ਆਮ ਮਸਲੇ ਤੇ ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ

**Off. 324-6727**

**Res. 324-4160**

#201 - 2001 East 36th Ave. [at victoria]
Vancouver. B.C. V5P 1C9



ਜਗਦੀਸ਼ ਸਿੰਘ B.A.LL.B. (Pb.U
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

■ **BUYING** ■ **SELLING**

Free Evaluation For Your
Property Call Any Time
Without Any Obligation

Bus. 736-3831 or Res. 434-8548 Pager - 687-1985 #2229

United Realty Ltd.

3879 Oak Street, Vancouver, B.C. V6H 2M6



Malkit Dhami,
M.A. (Eco.)
Member of Prestigious M.L.S.
Medallion Club For 83-84 85-86

**Now In addition to**
**Serving the Community — with their Life Insurance needs since 1970**
**For all your real estate needs at**



- ਕਮਰਸ਼ਲ ਪਰਾਪਰਟੀ • ਲਾਟਾਂ
- ਹਰ ਤਰ੍ਹਾਂ ਦੀ ਪਰਾਪਰਟੀ ਲਈ

Dayspring
Realty

To serve you better:-
For all your Real Estate needs —
(House, Farm, Acreage, Lot
or Commercial -Investment Property)
Give me a call to-day
Phone:(604) 853 - 8114

ਰੁਪਿੰਦਰ ਆਜ਼ਾਦ ਵਲੋਂ:
1970 ਤੋਂ ਆਪਣੀ ਕਮਿਊਨਿਟੀ ਦੀ ਲਾਈਫ ਇਨਸ਼ੋਰੈਂਸ ਦੀਆਂ ਲੋੜਾਂ ਦੀ ਪੂਰਤੀ ਤੇ ਸੇਵਾਵਾਂ ਕਰਨ ਦੇ ਨਾਲ ਨਾਲ ਹੁਣ ਰੀਅਲ ਐਸਟੇਟ ਦੀਆਂ ਸੇਵਾਵਾਂ ਵੀ ਹਾਜ਼ਰ ਹਨ:-
ਡੇ ਸਪਰਿੰਗ ਰੀਐਲਟੀ ਲਿ:

#21 - 31940 South Fraser Way, Clearbrook, B.C.
**Ph. (604) 853-8114** [24 hours] Toll Free 1—800—663—8134

# Bhambra Construction Co. Ltd.

— ਸਪੈਸ਼ਲ ਸੇਵਾਵਾਂ —

— ਘਰਾਂ ਦੀ ਉਸਾਰੀ ਦੇ ਕੰਮਾਂ ਦੇ ਮਾਹਿਰ —

ਨੀਹਾਂ, ਫਰੇਮਿੰਗ, ਫਿਨਸ਼ਿੰਗ, ਘਰਾਂ 'ਚ ਵਧਾਰਾ ਕਰਨਾ, ਕਸਟਮ ਘਰਾਂ ਦੇ ਸਪੈਸ਼ਲਿਸਟ

ਕੰਮ ਦੀ ਗਰੰਟੀ ਤੇ ਫ਼ਰੀ ਐਸਟੀਮੇਟ

ਫ਼ੋਨ ਕਰੋ :

ਅਮਰੀਕ 859-3617

— SPECIALIZING IN —

Foundations, Framing, Finishing, Housing Additions,
Also Specializing in CUSTOM HOMES

GUARANTEED WORK & FREE ESTIMATES

call:

AMRIK 859-3617


# ਪੰਜਾਬ ਦੀ ਧਰਤੀ ਨੂੰ ਕਤਲਗਾਹ ਨਾ ਬਣਨ ਦੇਣ ਦਾ ਕਾਨਫਰੰਸ 'ਚ ਪ੍ਰਣ

ਜਲੰਧਰ — ਜਬਰ ਤੇ ਫਿਰਕਾਪ੍ਰਸਤੀ ਵਿਰੋਧੀ ਫਰੰਟ (ਪੰਜਾਬ) ਦੇ ਸੂਬਾ ਜਥੇਬੰਦਕ ਸਕੱਤਰ ਅਮੋਲਕ ਸਿੰਘ ਨੇ ਪ੍ਰੈਸ ਨੂੰ ਲਿਖਤੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਫਰੰਟ ਦੀ ਰੋਪੜ ਇਕਾਈ ਵਲੋਂ ਕ੍ਰਿਸ਼ਨਾ ਮੰਡੀ ਮੋਰਿੰਡਾ ਵਿਖੇ ਹਕੂਮਤੀ ਅਤੇ ਫਿਰਕੂ ਦਹਿਸ਼ਤਗਰਦੀ ਵਿਰੋਧੀ ਕਾਨਫਰੰਸ ਕੀਤੀ ਗਈ। ਕਾਨਫਰੰਸ 'ਚ ਵੱਖ ਵੱਖ ਤਬਕਿਆਂ ਦੇ ਜੁਝਾਰੂ ਕਾਫਲੇ ਹੱਥਾਂ 'ਚ ਝੰਡੇ, ਮਾਟੋ ਅਤੇ ਬੈਨਰ ਉਠਾ ਕੇ ਆਕਾਸ਼ ਗੁੰਜਾਊ ਨਾਅਰੇ ਲਾਉਂਦੇ ਹੋਏ ਪੰਡਾਲ 'ਚ ਪੁੱਜੇ। ਕਾਨਫਰੰਸ ਦੇ ਸ਼ੁਰੂ 'ਚ ਹਕੂਮਤੀ ਤੇ ਫਿਰਕੂ ਦਹਿਸ਼ਤਗਰਦੀ ਦਾ ਸ਼ਿਕਾਰ ਹੋਏ ਲੋਕਾਂ ਦੇ ਪਰਿਵਾਰਾਂ ਨਾਲ ਗਹਿਰੀ ਹਮਦਰਦੀ ਅਤੇ ਦੁੱਖ ਦਾ ਇਜ਼ਹਾਰ ਕੀਤਾ ਗਿਆ। ਕਾਨਫਰੰਸ 'ਚ ਪ੍ਰਣ ਕੀਤਾ ਗਿਆ ਕਿ ਮਨੁੱਖੀ ਕਦਰਾਂ ਕੀਮਤਾਂ, ਜਮਹੂਰੀਅਤ ਅਤੇ ਇਨਸਾਫ ਦੇ ਪਹਿਰੇਦਾਰ ਸੰਗਰਾਮੀ ਲੋਕ ਪੰਜਾਬ ਦੀ ਧਰਤੀ ਨੂੰ ਮੌਕਾਪ੍ਰਸਤ ਸਿਆਸੀ ਤਾਕਤਾਂ ਅਤੇ ਫਿਰਕਾਪ੍ਰਸਤਾਂ ਵਲੋਂ ਕਤਲਗਾਹ ਬਨਾਉਣ ਦੀਆਂ ਸਾਜ਼ਿਸ਼ਾਂ ਨੂੰ ਮਿੱਟੀ 'ਚ ਮਿਲਾ ਦਿੱਤਾ ਜਾਵੇਗਾ। ਕਾਨਫਰੰਸ ਨੇ ਇਹ ਤੱਤ ਕੱਢਿਆ ਹੈ ਕਿ ਕੇਂਦਰੀ ਅਤੇ ਸੂਬਾਈ ਹੁਕਮਰਾਨ ਦੇਸ਼ ਦੀ ਏਕਤਾ, ਅਖੰਡਤਾ, ਆਜ਼ਾਦੀ ਅਤੇ ਅਮਨ-ਕਾਨੂੰਨ ਦੀ ਰਾਖੀ ਕਰਨ ਦੇ ਦਮਗਜੇ ਮਾਰ ਕੇ, ਉਲਟਾ ਆਪਣੇ ਰੋਜ਼ ਅਜਿਹੇ ਸਿਆਸੀ ਹੱਥ ਕੰਡੇ ਅਪਣਾ ਰਹੇ ਹਨ ਜਿਨ੍ਹਾਂ ਨਾਲ ਪੰਜਾਬ ਹੋਰ ਵੀ ਸੰਗੀਨ ਤੇ ਨਾਜ਼ੁਕ ਹਾਲਾਤਾਂ ਵੱਲ ਧੱਕਿਆ ਜਾ ਰਿਹਾ ਹੈ। ਕਾਨਫਰੰਸ ਦਾ ਇਹ ਮੱਤ ਸੀ ਕਿ ਸਰਕਾਰ ਜੋ ਧਾਰਮਿਕ ਅਸਥਾਨਾਂ ਦੀ ਪਵਿੱਤਰਤਾ, ਮੁਕਤੀ ਅਤੇ ਧਰਮ-ਨਿਰਪੱਖਤਾ ਦੇ ਦਮਗਜੇ ਮਾਰ ਰਹੀ ਹੈ ਇਹ ਨਿਰੋਲ ਸਿਆਸੀ ਤੀਰ-ਅੰਦਾਜ਼ੀ ਹੈ ਅਸਲ 'ਚ ਕੇਂਦਰੀ ਹਾਕਮ ਬੇਗੁਨਾਹਾਂ ਦੇ ਸਿਵਿਆਂ ਤੇ ਆਪਣੀ ਸਿਆਸੀ ਮੁਫਾਦ ਦੀਆਂ ਰੋਟੀਆਂ ਸੇਕ ਰਹੇ ਹਨ।


# BRAKE & CLUTCH PARTS ONLY WHOLESALE TO THE PUBLIC

V.A.P. DISTRIBUTORS (1987) LTD.

**clutch** PARTS ONLY



CLUTCH BEARING from ......... $9.00
CLUTCH DISC from ............ $18.80

PRESSURE PLATE from .......... $28.00
CLUTCH MASTER CYLINDER (new) from .......... $28.80

REBUILT CALIPERS

SPECIAL! Single piston caliper For most domestic cars No. 524, 525



From $14.40 exchange

REPAIR SPECIALS
Burnaby Location Only

COMPLETE FRONT BRAKE JOB
• Machine rotors • Pack bearings
• Replace heavy duty organic pads

From $49.95
most cars & light trucks plus FREE oil change.

STARTERS FROM $79.95 INSTALLED
Most cars & light trucks.
1 year warranty plus FREE oil change.

ALTERNATORS FROM $69.95 INSTALLED
Most cars & light trucks.
1 year warranty plus FREE oil change.
Expires March 2, 1988

DRUM AND ROTORS TURNED WHILE-YOU-WAIT
DRUMS $5.00 ROTORS $5.00
CARS ONLY
SPECIAL TILL June 30, 88
With 'Canada Darpan' Coupon
Surrey, Burnaby and Vancouver (Clark Dr. store) only

## GUARANTEED LOWEST PRICES

4 LOCATIONS TO SERVE YOU — ON SAME BRAND OR SAME QUALITY AUTO PARTS — MORE LOCATIONS OPENING SOON

| VANCOUVER | VANCOUVER | BURNABY | SURREY |
|---|---|---|---|
| 1828 Clark Dr. (at 3rd) 251-9060 | 1320 E. Pender St. 253-6311 | 5369 Imperial St. 430-6375 | 10706 K. George Hwy. 581-5464 |
| 8:30-5:30 Mon.-Fri. Sat. 9-5 | 8:30-5:30 Mon.-Fri. Sat. 9-5 | 8:30-5:30 Mon.-Fri. Sat. 9-5 | 8:30-5:30 Mon.-Fri. Sat. 9-5 |

TOLL FREE 1-800-663-6044

PHONE ORDERS WELCOME • OUT OF TOWN ORDERS SHIPPED PROMPTLY — VISA NUMBER, MASTERCARD NUMBER, C.O.D. OR TELECHEQUE

V.A.P. DISTRIBUTORS (1987) LTD.

VISA TeleCheck MasterCard



Via Rail Tickets Now issued here to U.S.A and CANADA

ਹੁਣੇ ਬੁੱਕ ਕਰਾਓ

ਤੁਸੀਂ ਪੰਜਾਬੀ, ਹਿੰਦੀ, ਉਰਦੂ, ਇੰਗਲਿਸ਼ ਵਿਚ ਗੱਲਬਾਤ ਕਰ ਸਕਦੇ ਹੋ

Travel to India, Europe &

ONE WAY FARE IS ALSO AVAILABLE TO TORONTO ONLY
BOOK EARLY TO AVOID DISAPPOINTMENT



*For booking conditions please call:*

## *Fourways Travel Limited*

9341 - 120 St., (Scott Rd.) Delta, B.C.

Ph. (604) 584-1411

Anywhere in the world.

ਸਰੀ-ਡੈਲਟਾ ਦੇ ਵਸਨੀਕਾਂ ਨੂੰ ਵੈਨਕੂਵਰ ਜਾਣ ਦੀ ਲੋੜ ਨਹੀਂ — ਅਸੀਂ ਇਥੋਂ ਹੀ ਦੁਨੀਆਂ ਦੇ ਕਿਸੇ ਵੀ ਕੋਨੇ ਲਈ ਟਿਕਟਾਂ ਦੇ ਸਕਦੇ ਹਾਂ

# ਹਰਭਜਨ ਮਾਨ ਦਾ ਇਕ ਹੋਰ ਕਾਮਯਾਬ ਸ਼ੋਅ

ਖਬਰ ਮਿਲੀ ਹੈ ਕਿ ਈਸਟ ਇੰਡੀਅਨ ਕੈਨੇਡੀਅਨ ਕਲਚਰਲ ਸੁਸਾਇਟੀ ਪ੍ਰਿਸ ਜੌਰਜ਼ ਵਲੋਂ ਵਿਸਾਖੀ ਦੀ ਖੁਸ਼ੀ ਵਿਚ ਇਕ ਪ੍ਰੋਗਰਾਮ ਹਰਭਜਨ ਮਾਨ ਐਂਡ ਪਾਰਟੀ ਵਲੋਂ ਪੇਸ਼ ਕੀਤਾ ਗਿਆ। ਜੋ ਕਿ 29 ਮਈ ਨੂੰ ਦੁਪਹਿਰ ਦੇ 2:30 ਵਜੇ ਵੇਨੀਅਰ ਹਾਲ ਪ੍ਰਿਸ ਜੌਰਜ਼ ਵਿਚ ਬੜੀ ਕਾਮਯਾਬੀ ਨਾਲ ਪੇਸ਼ ਹੋਇਆ।

ਇਸ ਸੁਸਾਇਟੀ ਵਲੋਂ ਹਰ ਸਾਲ ਦੋ ਜਾਂ ਤਿੰਨ ਸ਼ੋਅ ਕਰਾਏ ਜਾਣੇ ਹਨ ਦੱਸਿਆ ਗਿਆ ਹੈ ਕਿ ਇਹੀ ਇਕ ਦੂਜਾ ਸ਼ੋਅ ਸੀ ਜੋ ਕਿ ਬਹੁਤ ਕਾਮਯਾਬ ਸ਼ੋਅ ਸੀ ਇਸ ਤੇ ਪਹਿਲਾਂ ਇਕ ਸ਼ੋਅ ਆਸਾ ਸਿੰਘ ਮਸਤਾਨਾ ਦਾ ਕਾਮਯਾਬ ਸ਼ੋਅ ਸੀ।

ਦੱਸਿਆ ਗਿਆ ਹੈ ਕਿ ਇਸ ਸਭਿਆਚਾਰਕ ਪ੍ਰੋਗਰਾਮ ਵਿਚ ਇਸਤਰੀਆਂ ਤੇ ਪੁਰਸ਼ ਅੱਧੀ ਅੱਧੀ ਗਿਣਤੀ ਵਿਚ ਸ਼ਾਮਲ ਸਨ। ਇਹ ਪ੍ਰੋਗਰਾਮ ਸ: ਸੋਹਨ ਸਿੰਘ ਭੱਟੀ ਪ੍ਰਧਾਨ ਤੇ ਸਾਰੀ ਕਮੇਟੀ ਦੀ ਦੇਖ ਰੇਖ ਵਿਚ ਹੋਇਆ। ਸਾਢੇ ਤਿੰਨ ਘੰਟੇ ਦੇ ਲੰਮੇ ਪ੍ਰੋਗਰਾਮ ਨੂੰ ਸ੍ਰੀ ਸੁਰਿੰਦਰ ਰਾਠੌਰ ਨੇ ਸ਼ੁਰੂ ਕਰਵਾਇਆ ਤੇ ਗਰੁਪ ਦੇ ਸਟੇਜ ਸਕੱਤਰ ਹਰਮਹਿੰਦਰ ਕਿੱਟੀ ਨੂੰ ਸਰੋਤਿਆਂ ਨਾਲ ਮਿਲਵਾਇਆ। ਜਿਹਨਾਂ ਨੇ ਪ੍ਰਵਾਰਕ ਚੁਟਕਲਿਆਂ ਨਾਲ ਲੋਕਾਂ ਦਾ ਮੰਨੋਰੰਜਨ ਕਰਵਾਇਆ। ਪ੍ਰੋਗਰਾਮ ਦੀ ਸ਼ੁਰੂਆਤ ਸ੍ਰੀ ਗੁਰਸੇਵਕ ਮਾਨ ਦੇ ਧਾਰਮਿਕ ਗੀਤ ਅੱਵਲ ਅੱਲਾ ਨੂਰ ਉਪਾਇਆ ਨਾਲ ਹੋਈ। ਇਸ ਤੋਂ ਮਗਰੋਂ ਸਾਰੇ ਗਰੁਪ ਦੀ "ਸੱਜਣਾ ਵੀ ਸਾਥੋਂ ਦੱਸ ਹੋਇਆ ਕੀ ਕਸੂਰ" ਦੀ ਧੁੰਨ ਨਾਲ ਬਾਕੀ ਕਲਾਕਾਰਾਂ ਜਿਹਨਾਂ ਵਿਚ ਸੁਰਿੰਦਰ ਲੁੱਡੂ, ਰਣਜੋਤ ਸਿੰਘ, ਸਰਦੂਲ ਰੰਧਾਵਾ, ਤੇ ਦਵਿੰਦਰ ਕੈਂਥ ਨੂੰ ਮਿਲਵਾਇਆ। ਹਰਭਜਨ ਮਾਨ ਦੇ ਸਪੈਸ਼ਲੀ ਬਾਪੂ ਤੇਰੇ ਕੁੜਮਾਂ ਨੇ, ਸੱਜਣਾਂ ਵੇ ਸਾਥੋਂ ਦੱਸ, ਬਾਬਲ ਤੇਰੀਆਂ ਗਲੀਆਂ, ਤੇਰੀਆਂ ਬਲੌਰੀ ਅੱਖਾਂ ਤੇ ਸਭਿਆਚਾਰ ਬੋਲੀਆਂ ਦਾ ਲੋਕਾਂ ਨੇ ਬਹੁਤ ਆਨੰਦ ਮਾਣਿਆ। ਪ੍ਰੋਗਰਾਮ ਦੇ ਅਖੀਰ ਦੇ ਵਿਚ ਇਹਨਾਂ ਕਲਾਕਾਰਾਂ ਦੇ ਸਨਮਾਨ ਵਿਚ ਇਨਾਮ ਵੰਡ ਸਮਾਰੋਹ ਕੀਤਾ ਗਿਆ। ਜਿਹਨਾਂ ਵਿਚ ਇਹਨਾਂ ਕਲਾਕਾਰਾਂ ਤੋਂ ਇਲਾਵਾ ਭੱਟੀ ਸਿਸਟਰਜ ਤੇ ਭੰਗੂ ਤੇ ਸਾਹਿਬ ਬਿੰਦ ਵੀ ਸ਼ਾਮਲ ਸਨ। ਕੁਲ ਮਿਲਾ ਕੇ ਸਾਰੇ ਪ੍ਰੋਗਰਾਮ ਦਾ ਸਿਹਰਾ ਹਰਭਜਨ ਮਾਨ ਤੇ ਗਰੁਪ ਨੂੰ ਜਾਂਦਾ ਹੈ। ਖਬਰ ਮਿਲੀ ਹੈ ਕਿ ਲੋਕਾਂ ਦੇ ਇਸ ਹੌਂਸਲੇ ਨੂੰ ਦੇਖ ਕੇ ਦਸੰਬਰ ਵਿਚ ਫੇਰ ਇਹ ਗਰੁਪ ਉਥੇ ਸ਼ੋਅ ਕਰਨ ਜਾ ਰਿਹਾ ਹੈ। ਇਹਨਾਂ ਦੇ ਅਗਲੇ ਸ਼ੋਅ ਕੈਲੇਫੋਰਨੀਆਂ ਤੇ ਐਡਮਿੰਟਨ ਵਿਚ ਦੱਸੇ ਜਾਂਦੇ ਹਨ।

## ਬਾਬਾ ਤੇ ਨੇਕਾ ਨੇ ਜ਼ਿੰਮੇਂਵਾਰੀ ਲਈ

ਚੰਡੀਗੜ੍ਹ — ਖਾਲਿਸਤਾਨ ਕਮਾਂਡੋ ਫੋਰਸ (ਕੇ ਸੀ ਐਫ) ਦੇ 'ਲੈਫਟੀਨੈਂਟ ਜਨਰਲ' ਹਰੀ ਸਿੰਘ ਉਰਫ ਬਾਬਾ ਅਤੇ ਗੁਰਨੇਕ ਸਿੰਘ ਨੇਕਾ ਨੇ ਪਿਛਲੇ ਦਿਨੀਂ ਬਿਲਗਾ, ਸ਼ੰਕਰ ਅਤੇ ਮੰਡੀ ਗੋਬਿੰਦਗੜ੍ਹ ਦੀਆਂ ਘਟਨਾਵਾਂ ਦੀ ਜ਼ਿੰਮੇਂਵਾਰੀ ਆਪਣੇ ਸਿਰ ਲਈ ਹੈ।

# 'ਕਾਲੀ ਗਰਜ' ਤੋਂ ਬਾਅਦ ਕੇਂਦਰ ਦੀ ਦੋਗਲੀ ਨੀਤੀ ਸੰਕਟ ਵਿਚ

ਨਵੀਂ ਦਿੱਲੀ — ਕੇਂਦਰ ਸਰਕਾਰ ਨੂੰ ਪੰਜਾਬ ਬਾਰੇ ਆਪਣੀ ਦੋ ਲੀਹਾਂ ਵਾਲੀ ਨੀਤੀ ਨੂੰ ਅਮਲ ਵਿਚ ਲਿਆਉਣ 'ਚ ਬੜੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਖਾਸ ਕਰਕੇ ਅਪਰੇਸ਼ਨ 'ਕਾਲੀ ਗਰਜ' ਅਤੇ ਹੋਰ ਸੰਬੰਧਤ ਘਟਨਾਵਾਂ ਦੇ ਕਾਰਨ ਇਸ ਨੀਤੀ ਦੇ ਅਮਲ ਦੇ ਰਾਹ ਵਿਚ ਅੜਿਚਣਾਂ ਪੈਦਾ ਹੋ ਗਈਆਂ ਹਨ। ਮਾਮਲੇ ਦੇ ਰਾਜਨੀਤਕ ਹੱਲ ਲਈ ਕੋਈ ਅਰਥ ਭਰਪੂਰ ਯਤਨ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਕੀ ਕੇਂਦਰ ਸਰਕਾਰ ਅਜਿਹਾ ਕਰਨ ਲਈ ਵੱਖ ਵੱਖ ਧਿਰਾਂ ਨੂੰ ਨਾਲ ਲੈ ਕੇ ਚੱਲਣ ਅਤੇ ਪ੍ਰਭਾਵਤ ਕਰਨ ਦੀ ਸਮਰਥਾ ਰਖਦੀ ਹੈ। ਸਿੰਘ ਸਾਹਿਬਾਨ ਨੂੰ ਜਾਂ ਸੰਯੁਕਤ ਅਕਾਲੀ ਦਲ ਦੇ ਨੇਤਾਵਾਂ ਨੂੰ ਰਿਹਾ ਕਰਨ ਦੇ ਪੰਜਾਬ ਸੰਬੰਧੀ ਇਕ ਮੁਖ ਕਦਮ ਨੂੰ ਉਠਾਇਆ ਜਾਣਾ ਹੁਣ ਪ੍ਰਧਾਨ ਮੰਤਰੀ ਦੇ ਬਦੇਸ਼ੀ ਦੌਰੇ ਦੇ ਕਾਰਨ ਅਗਲੇ 8 ਦਿਨਾਂ ਵਿਚ ਠੀਕ ਨਹੀਂ ਸਮਝਿਆ ਜਾ ਰਿਹਾ। ਇਸ ਤੋਂ ਜ਼ਾਹਰ ਹੈ ਕਿ ਉਨ੍ਹਾਂ ਦਾ ਜਾਇਜ਼ਾ ਲਿਆ ਜਾਏਗਾ। ਪਰ ਕੀ ਇਸ ਵਿਚ ਕੋਈ ਨਵੇਂ ਨੀਤੀ ਫੈਸਲੇ ਲਏ ਜਾਂਦੇ ਹਨ ਜਾਂ ਨਹੀਂ — ਇਸ ਬਾਰੇ ਹਾਲਾਂ ਕੁਝ ਨਹੀਂ ਕਿਹਾ ਜਾ ਸਕਦਾ। ਜਾਪਦਾ ਹੈ ਕਿ 'ਦੇਖੋ ਤੇ ਇੰਤਜ਼ਾਰ ਕਰੋ' ਵਾਲਾ ਪੜਾਅ ਹਾਲਾਂ ਵੀ ਜਾਰੀ ਰਹੇਗਾ।


ਤਿੰਨ ਕਦਮ
ਸਿਹਤਮੰਦ, ਸੁਰੱਖਿਅਤ
ਕਾਰੋਬਾਰੀ ਥਾਂ ਲਈ




JUNE ਜੂਨ 19-25 ਕੈਨੇਡਾ ਦਾ ਕਾਰੋਬਾਰੀ ਸਿਹਤ ਅਤੇ ਸੁਰੱਖਿਆ ਸਪਤਾਹ ਹੈ ;AFETY WEEK.

ਸੁਰੱਖਿਆ ਚੇਤੰਨ ਰਹਿਣ ਦਾ ਮਾਮਲਾ ਹੈ। ਖਤਰਿਆਂ ਤੋਂ ਹੁਸ਼ਿਆਰੀ ਅਤੇ ਉਨ੍ਹਾਂ ਨਾਲ ਨਿਪਟਣਾ।

ਖਤਰੇ ਨੂੰ ਪਛਾਣੋ, ਉਸਦੇ ਅਸਰ ਦਾ ਮੁਲਅੰਕਣ ਕਰੋ ਅਤੇ ਉਸਦੇ ਅਸਰਾਂ ਨੂੰ ਰੋਕੋ।

ਜੂਨ 19-25 ਦੇ ਕੈਨੇਡਾ ਦੇ ਕਾਰੋਬਾਰੀ ਸਿਹਤ ਅਤੇ ਸੁਰੱਖਿਆ ਸਪਤਾਹ ਦਾ ਇਹੀ ਸੁਨੇਹਾ ਹੈ।

ਸੁਰੱਖਿਆ ਤੋਂ ਸਾਰਿਆਂ ਨੂੰ ਹੀ ਲਾਭ ਪਹੁੰਚਦਾ ਹੈ, ਇਸ ਲਈ ਆਪਣੀ ਕਮਿਊਨਿਟੀ ਵਿਚ ਕੰਮਾਂ ਉਤੇ ਕਾਰੋਬਾਰੀ ਸਿਹਤ ਨੂੰ ਚੰਗਾ ਬਨਾਉਣ ਵਾਲੇ ਪ੍ਰੋਗਰਾਮਾਂ ਦੀ ਮੱਦਦ ਕਰੋ।

ਇਹ ਤੁਹਾਡੇ ਭਲੇ ਦੀ ਗੱਲ ਹੈ।

PARTICIPATING ORGANIZATIONS, *STEERING COMMITTEE:* • CSSE – Canadian Society of Safety Engineering • WCB – Workers' Compensation Board • B.C. Construction Association • B.C. Yukon Territory Council of Labour • St. John Ambulance • C.N.I.B. – Canadian National Institute for the Blind • B.C. Construction Industry Health & Safety Council • B.C. Ministry of Health • B.C. Ministry of Labour • B.C. Safety Council • C.A.I.M.A.W. – Canadian Association of Industrial, Mechanical, Allied Workers • Business Council of B.C. • Council of Forest Industries • B.C.C.A. – B.C. Chiropractic Association • Pearson Hospital • B.C. Occupational Health Nurses Group.

WORKERS' COMPENSATION BOARD OF BRITISH COLUMBIA


## ਉਜੜੇ ਲੋਕ

ਦਿਨ ਨੇ ਬਿਮਾਰ ਜਿਹੇ
ਰਾਤਾਂ ਨੇ ਜ਼ਖਮੀ ਜ਼ਖਮੀ
ਚੰਨ ਦੇ ਪਿੰਡੇ 'ਤੇ
ਉਭਰ ਆਏ ਨੇ
ਹਿੰਸਾ ਦੇ ਨਿਸ਼ਾਨ
ਪਹੁੰਚ ਚੁੱਕੀ ਹੈ
ਸੁਪਨਿਆਂ ਤਕ ਹੁਣ
ਬੇ-ਵਜ੍ਹਾ ਡੁਲ੍ਹਦੇ
ਮਾਸੂਮ ਲਹੂ ਦੀ ਦੁਰਗੰਧ
ਆਸ ਉਡ ਗਈ ਹੈ ਕਿਤੇ
ਬਣ ਕੇ ਮਸਾਣਾਂ ਦੀ ਰਾਖ
ਵਕਤ ਦੇ ਮੱਥੇ 'ਤੇ ਲਿਖਿਆ ਹੈ
ਤਬਾਹੀ ਦਾ ਐਲਾਨ
ਛੱਡ ਕੇ ਸਹਿਮੇ, ਸਿਸਕਦੇ ਵਿਹੜੇ
ਤੁਰ ਪਏ, ਤੁਰ ਪਏ ਹਾਂ
ਰੁਲਣ ਲਈ ਗਲੀਆਂ ਵਿਚ
ਮਾਂ ਦੀ ਗੋਦੀ ਜਿਹੇ ਘਰਾਂ ਤੋਂ ਦੂਰ
ਕਰਨਾ ਹੈ ਲਾਰਿਆਂ ਨੇ ਰੱਜ ਕੇ ਖ਼ੁਆਰ
ਤਰਨਗੇ ਅੱਖਾਂ 'ਚ ਹੁਣ
ਤਿੜਕੇ ਹੋਏ ਤਾਜ-ਮਹਲ
ਚੜ੍ਹਨਗੇ ਸੋਚ ਨੂੰ ਹੁਣ
ਨਿੱਤ ਨਵੇਂ ਡਰਾਂ ਦੇ ਬੁਖਾਰ
ਦਿਨ ਨੇ ਬਿਮਾਰ ਜਿਹੇ
ਰਾਤਾਂ ਨੇ ਜ਼ਖਮੀ ਜ਼ਖਮੀ...

ਸ਼ਹਰਯਾਰ

ਅੱਧੀ ਅੱਧੀ ਰਾਤੀਂ ਉਠਣ ਤ੍ਰਾਟਾਂ
ਕੁਝ ਸੁੱਤੀਆਂ ਕੁਝ ਜਾਗਦੀਆਂ
ਅੱਧੀਆਂ ਕੁ ਨ੍ਹਾਤੀਆਂ
ਤੇ ਅੱਧੀਆਂ ਚੁਆਤੀਆਂ
ਜੋਗਣਾਂ ਤੇ ਭੋਗਣਾਂ ਵੈਰਾਗ ਦੀਆਂ

ਕਿਹੜੇ ਕਿਹੜੇ ਅੱਖਰਾਂ ਨੂੰ
ਰੂਪਿਆ ਕਰੂਪਿਆ ਹੈ
ਕਿਹੜੀ ਕਿਹੜੀ ਜਾਤ ਦੀ ਕੁਜਾਤ ਵੇਖੀਏ
ਚੰਨੀਏਂ ਇਹ ਰਾਤ ਨੂੰ
ਕੁਰਾਤ ਕਿੱਦਾਂ ਜਾਣੀਏਂ
ਇਹ ਯਾਰੀਆਂ ਨੇ ਖੇੜਿਆਂ ਦੇ ਨਾਗ ਦੀਆਂ

ਨਾਹੀਉਂ ਅਸੀਂ ਜਾਣਦੇ
ਤੇ ਨਾਹੀਉਂ ਹਾਂ ਪਛਾਣਦੇ
ਕਿੱਦਾਂ ਇਤਿਹਾਸ ਦਾ ਕੁਨੰਗ ਵੇਖੀਏ
ਮੂਰਤਾਂ ਨੇ
ਕਿੱਦਾਂ ਕਿੱਦਾਂ ਸਾਂਭੀਏ ਨਾ ਸਾਂਭੀਏ
ਕਿਹੜੇ ਖਿਦਰਾਣਿਆਂ ਦੀ ਢਾਬ ਦੀਆਂ

ਅੰਗ ਅੰਗ ਹੰਭਿਆ
ਤੇ ਜੰਗ ਜੰਗ ਮੰਗਿਆ
ਹਾਣ ਦੀ ਬਰਾਬਰੀ ਚਿਤਾਰ ਜਾਣੀਏਂ

ਕਿੱਦਾਂ ਦੀ ਬਰਾਬਰੀ
ਤੇ ਕਿੱਦਾਂ ਦੀ ਸੁਦਾਗਰੀ
ਸੂਹਾਂ ਨੇ ਬੇਅੰਬਰੇ ਪੰਜਾਬ ਦੀਆਂ
ਕੁਝ ਸੁੱਤੀਆਂ ਕੁਝ ਜਾਗਦੀਆਂ

# Bhambra Construction Co. Ltd.

— ਸਪੈਸ਼ਲ ਸੇਵਾਵਾਂ —

— ਘਰਾਂ ਦੀ ਉਸਾਰੀ ਦੇ ਕੰਮਾਂ ਦੇ ਮਾਹਿਰ —

ਨੀਂਹਾਂ, ਫਰੇਮਿੰਗ, ਫਿਨਸ਼ਿੰਗ, ਘਰਾਂ 'ਚ ਵਧਾਰਾ ਕਰਨਾ, ਕਸਟਮ ਘਰਾਂ ਦੇ ਸਪੈਸ਼ਲਿਸਟ

ਕੰਮ ਦੀ ਗਰੰਟੀ ਤੇ ਫ਼ਰੀ ਐਸਟੀਮੇਟ

ਫ਼ੋਨ ਕਰੋ :

ਅਮਰੀਕ 859-3617

— SPECIALIZING IN —

Foundations, Framing, Finishing, Housing Additions,

Also Specializing in CUSTOM HOMES

GUARANTEED WORK & FREE ESTIMATES

call:

AMRIK 859-3617


# ਪੰਜਾਬ ਦੀ ਧਰਤੀ ਨੂੰ ਕਤਲਗਾਹ ਨਾ ਬਣਨ ਦੇਣ ਦਾ ਕਾਨਫਰੰਸ 'ਚ ਪ੍ਰਣ

ਜਲੰਧਰ — ਜਬਰ ਤੇ ਫਿਰਕਾਪ੍ਰਸਤੀ ਵਿਰੋਧੀ ਫਰੰਟ (ਪੰਜਾਬ) ਦੇ ਸੂਬਾ ਜਥੇਬੰਦਕ ਸਕੱਤਰ ਅਮੋਲਕ ਸਿੰਘ ਨੇ ਪ੍ਰੈਸ ਨੂੰ ਲਿਖਤੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਫਰੰਟ ਦੀ ਰੋਪੜ ਇਕਾਈ ਵਲੋਂ ਕ੍ਰਿਸ਼ਨਾ ਮੰਡੀ ਮੋਰਿੰਡਾ ਵਿਖੇ ਹਕੂਮਤੀ ਅਤੇ ਫਿਰਕੂ ਦਹਿਸ਼ਤਗਰਦੀ ਵਿਰੋਧੀ ਕਾਨਫਰੰਸ ਕੀਤੀ ਗਈ। ਕਾਨਫਰੰਸ 'ਚ ਵੱਖ ਵੱਖ ਤਬਕਿਆਂ ਦੇ ਜੁਝਾਰੂ ਕਾਫਲੇ ਹੱਥਾਂ 'ਚ ਝੰਡੇ, ਮਾਟੋ ਅਤੇ ਬੈਨਰ ਉਠਾ ਕੇ ਆਕਾਸ਼ ਗੁੰਜਾਊ ਨਾਅਰੇ ਲਾਉਂਦੇ ਹੋਏ ਪੰਡਾਲ 'ਚ ਪੁੱਜੇ। ਕਾਨਫਰੰਸ ਦੇ ਸ਼ੁਰੂ 'ਚ ਹਕੂਮਤੀ ਤੇ ਫਿਰਕੂ ਦਹਿਸ਼ਤਗਰਦੀ ਦਾ ਸ਼ਿਕਾਰ ਹੋਏ ਲੋਕਾਂ ਦੇ ਪਰਿਵਾਰਾਂ ਨਾਲ ਗਹਿਰੀ ਹਮਦਰਦੀ ਅਤੇ ਦੁੱਖ ਦਾ ਇਜ਼ਹਾਰ ਕੀਤਾ ਗਿਆ। ਕਾਨਫਰੰਸ 'ਚ ਪ੍ਰਣ ਕੀਤਾ ਗਿਆ ਕਿ ਮਨੁੱਖੀ ਕਦਰਾਂ ਕੀਮਤਾਂ, ਜਮਹੂਰੀਅਤ ਅਤੇ ਇਨਸਾਫ ਦੇ ਪਹਿਰੇਦਾਰ ਸੰਗਰਾਮੀ ਲੋਕ ਪੰਜਾਬ ਦੀ ਧਰਤੀ ਨੂੰ ਮੌਕਾਪ੍ਰਸਤ ਸਿਆਸੀ ਤਾਕਤਾਂ ਅਤੇ ਫਿਰਕਾਪ੍ਰਸਤਾਂ ਵਲੋਂ ਕਤਲਗਾਹ ਬਨਾਉਣ ਦੀਆਂ ਸਾਜ਼ਿਸ਼ਾਂ ਨੂੰ ਮਿੱਟੀ 'ਚ ਮਿਲਾ ਦਿੱਤਾ ਜਾਵੇਗਾ। ਕਾਨਫਰੰਸ ਨੇ ਇਹ ਤੱਤ ਕੱਢਿਆ ਹੈ ਕਿ ਕੇਂਦਰੀ ਅਤੇ ਸੂਬਾਈ ਹੁਕਮਰਾਨ ਦੇਸ਼ ਦੀ ਏਕਤਾ, ਅਖੰਡਤਾ, ਆਜ਼ਾਦੀ ਅਤੇ ਅਮਨ-ਕਾਨੂੰਨ ਦੀ ਰਾਖੀ ਕਰਨ ਦੇ ਦਮਗਜੇ ਮਾਰ ਕੇ, ਉਲਟਾ ਆਪਣੇ ਰੋਜ਼ ਅਜਿਹੇ ਸਿਆਸੀ ਹੱਥ ਕੰਡੇ ਅਪਣਾ ਰਹੇ ਹਨ ਜਿਨ੍ਹਾਂ ਨਾਲ ਪੰਜਾਬ ਹੋਰ ਵੀ ਸੰਗੀਨ ਤੇ ਨਾਜ਼ੁਕ ਹਾਲਾਤਾਂ ਵੱਲ ਧੱਕਿਆ ਜਾ ਰਿਹਾ ਹੈ। ਕਾਨਫਰੰਸ ਦਾ ਇਹ ਮੱਤ ਸੀ ਕਿ ਸਰਕਾਰ ਜੋ ਧਾਰਮਿਕ ਅਸਥਾਨਾਂ ਦੀ ਪਵਿੱਤਰਤਾ, ਮੁਕਤੀ ਅਤੇ ਧਰਮ-ਨਿਰਪੱਖਤਾ ਦੇ ਦਮਗਜੇ ਮਾਰ ਰਹੀ ਹੈ ਇਹ ਨਿਰੋਲ ਸਿਆਸੀ ਤੀਰ-ਅੰਦਾਜ਼ੀ ਹੈ ਅਸਲ 'ਚ ਕੇਂਦਰੀ ਹਾਕਮ ਬੇਗੁਨਾਹਾਂ ਦੇ ਸਿਵਿਆਂ ਤੇ ਆਪਣੀ ਸਿਆਸੀ ਮੁਫਾਦ ਦੀਆਂ ਰੋਟੀਆਂ ਸੇਕ ਰਹੇ ਹਨ।


# BRAKE & CLUTCH PARTS ONLY WHOLESALE TO THE PUBLIC

V.A.P. DISTRIBUTORS (1987) LTD.

clutch PARTS ONLY

PRESSURE PLATE from .......... $28.00

CLUTCH MASTER CYLINDER (new) from .......... $28.80

REBUILT CALIPERS

SPECIAL! Single piston caliper For most domestic cars No. 524, 525 From $14.40 exchange

CLUTCH BEARING from .......... $9.00

CLUTCH DISC from .......... $18.80

REPAIR SPECIALS
Burnaby Location Only

COMPLETE FRONT BRAKE JOB
• Machine rotors • Pack bearings
• Replace heavy duty organic pads

From $49.95 most cars & light trucks plus FREE oil change.

STARTERS FROM $79.95 INSTALLED
Most cars & light trucks.
1 year warranty plus FREE oil change.

ALTERNATORS FROM $69.95 INSTALLED
Most cars & light trucks.
1 year warranty plus FREE oil change.
Expires March 2, 1988

DRUM AND ROTORS TURNED WHILE-YOU-WAIT
DRUMS $5.00 ROTORS $5.00
CARS ONLY
SPECIAL TILL June 30, 88
With 'Canada Darpan' Coupon
Surrey, Burnaby and Vancouver (Clark Dr. store) only

GUARANTEED LOWEST PRICES

4 LOCATIONS TO SERVE YOU — ON SAME BRAND OR SAME QUALITY AUTO PARTS — MORE LOCATIONS OPENING SOON

VANCOUVER 1828 Clark Dr. (at 3rd) 251-9060 8:30-5:30 Mon.-Fri. Sat. 9-5

VANCOUVER 1320 E. Pender St. 253-6311 8:30-5:30 Mon.-Fri. Sat. 9-5

BURNABY 5369 Imperial St. 430-6375 8:30-5:30 Mon.-Fri. Sat. 9-5

SURREY 10706 K. George Hwy. 581-5464 8:30-5:30 Mon.-Fri. Sat. 9-5

TOLL FREE 1-800-663-6044

PHONE ORDERS WELCOME • OUT OF TOWN ORDERS SHIPPED PROMPTLY — VISA NUMBER, MASTERCARD NUMBER, C.O.D. OR TELECHEQUE

V.A.P. DISTRIBUTORS (1987) LTD.

Via Rail Tickets Now issued here to U.S.A and CANADA

ਹੁਣੇ ਬੁੱਕ ਕਰਾਓ

ਤੁਸੀਂ ਪੰਜਾਬੀ, ਹਿੰਦੀ, ਉਰਦੂ, ਇੰਗਲਿਸ਼ ਵਿਚ ਗੱਲਬਾਤ ਕਰ ਸਕਦੇ ਹੋ

Travel to India, Europe & Anywhere in the world.

ONE WAY FARE IS ALSO AVAILABLE TO TORONTO ONLY
BOOK EARLY TO AVOID DISAPPOINTMENT

*For booking conditions please call:*

*Fourways Travel Limited*

9341 - 120 St., (Scott Rd.) Delta, B.C.

Ph. (604) 584-1411

ਸਰੀ-ਡੈਲਟਾ ਦੇ ਵਸਨੀਕਾਂ ਨੂੰ ਵੈਨਕੂਵਰ ਜਾਣ ਦੀ ਲੋੜ ਨਹੀਂ — ਅਸੀਂ ਇਥੋਂ ਹੀ ਦੁਨੀਆਂ ਦੇ ਕਿਸੇ ਵੀ ਕੋਨੇ ਲਈ ਟਿਕਟਾਂ ਦੇ ਸਕਦੇ ਹਾਂ

# ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟਰੱਸਟ (ਕੈਨੇਡਾ) ਵਲੋਂ

# ਡਾ: ਰਘੁਬੀਰ ਢੰਡ ਸਨਮਾਨ ਸਮਾਰੋਹ

ਵੈਨਕੂਵਰ — 29 ਮਈ 1988 ਨੂੰ ਇਥੇ ਮੋਬਰਲੀ ਕਮਿਊਨਿਟੀ ਸੈਂਟਰ ਵਿਚ ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟਰੱਸਟ ਵਲੋਂ ਅੱਠਵਾਂ ਮਨਜੀਤ ਯਾਦਗਾਰੀ-ਪੁਰਸਕਾਰ ਇੰਗਲੈਂਡ ਵਿਚ ਰਹਿੰਦੇ ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਡਾ: ਰਘੁਬੀਰ ਢੰਡ ਨੂੰ ਭੇਂਟ ਕੀਤਾ ਗਿਆ। ਸਨਮਾਨ ਸਮਾਰੋਹ ਦੀ ਪ੍ਰਧਾਨਗੀ ਦੂਜੇ ਮਨਜੀਤ ਯਾਦਗਾਰੀ ਪੁਰਸਕਾਰ ਨਾਲ ਸਨਮਾਨਤ ਤੇ ਗ਼ਦਰ ਲਹਿਰ ਦੇ ਮੋਢੀ ਨਾਵਲਕਾਰ ਗਿਆਨੀ ਕੇਸਰ ਸਿੰਘ ਨੇ ਕੀਤੀ। ਸਟੇਜ ਉਤੇ ਟਰੱਸਟ ਦੇ ਪ੍ਰਧਾਨ ਗੁਰਚਰਨ ਰਾਮਪੁਰੀ ਤੇ ਜਨਰਲ ਸਕੱਤਰ ਦਰਸ਼ਨ ਗਿੱਲ ਨਾਲ ਡਾ: ਰਘੁਬੀਰ ਢੰਡ ਅਤੇ ਉਨ੍ਹਾਂ ਦੀ ਸੁਪਤਨੀ ਸ੍ਰੀਮਤੀ ਪ੍ਰਕਾਸ਼ ਢੰਡ ਸਸ਼ੋਭਤ ਸਨ।

ਸਮਾਰੋਹ ਦਾ ਆਰੰਭ ਰੇਡੀਓ ਆਰਟਿਸਟ ਸ੍ਰੀਮਤੀ ਅਮਰਜੀਤ ਜੋਸ਼ ਦੇ ਗੀਤ ਨਾਲ ਹੋਇਆ। ਪ੍ਰਸਿੱਧ ਗਾਇਕ ਸੁਰਿੰਦਰ ਬੈਂਸ ਨੇ ਸੁਰਜੀਤ ਪਾਤਰ ਦੀ ਇਕ ਗ਼ਜ਼ਲ ਪੇਸ਼ ਕੀਤੀ। ਸ੍ਰੀਮਤੀ ਇਕਬਾਲ ਸੁਮਲ ਨੇ ਪਾਕਿਸਤਾਨੀ ਸ਼ਾਇਰ ਜਹਾਂਗੀਰ ਦਾ ਗੀਤ ਸੁਰੀਲੀ ਆਵਾਜ਼ 'ਚ ਪੇਸ਼ ਕੀਤਾ।

ਅਜਮੇਰ ਰੋਡੇ ਨੇ ਡਾ: ਰਘੁਬੀਰ ਢੰਡ ਦੀ ਕਹਾਣੀ-ਕਲਾ ਉਤੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਢੰਡ ਦੀ ਕਹਾਣੀ ਪੰਜਾਬੀ ਸਾਹਿਤ ਲਈ ਸਿਹਤਮੰਦ ਰੁਝਾਨ ਲੈ ਕੇ ਪੇਸ਼ ਹੁੰਦੀ ਹੈ। ਗੁਰਨਾਮ ਸਿੰਘ ਸੰਘੇੜਾ ਨੇ ਢੰਡ ਹੋਰਾਂ ਨਾਲ ਆਪਣੇ ਪਿਛਲੇ ਪੱਚੀ ਸਾਲਾਂ ਦੀ ਨੇੜਤਾ ਸਮੇਂ ਦੀਆਂ ਯਾਦਾਂ ਤਾਜ਼ਾ ਕੀਤੀਆਂ। ਸਾਧੂ ਨੇ ਢੰਡ ਹੋਰਾਂ ਦੀ ਕਹਾਣੀ ਉਤੇ ਵਿਸਥਾਰ ਸਹਿਤ ਚਾਨਣਾ ਪਾਇਆ।

ਟਰੱਸਟ ਦੇ ਜਨਰਲ ਸਕੱਤਰ ਦਰਸ਼ਨ ਗਿੱਲ ਨੇ ਮਾਣ ਪੱਤਰ ਪੇਸ਼ ਕਰਦਿਆਂ ਕਿਹਾ ਕਿ 'ਤੁਸੀਂ ਹਮੇਸ਼ਾ ਸਾਹਿਤਕ, ਵਿਦਿਅਕ ਅਤੇ ਜਨਤਕ ਮਾਮਲਿਆਂ ਨਾਲ ਜੁੜੇ ਰਹੇ ਹੋ। ਤੁਸੀਂ ਆਪਣੇ ਵਿਸ਼ਵਾਸ਼ਾਂ ਉਤੇ ਦਲੇਰੀ, ਪਕਿਆਈ, ਨਿਰਭੈਤਾ ਤੇ ਅਡੋਲਤਾ ਨਾਲ ਖੜ੍ਹਨ ਦਾ ਸਾਹਸ ਕੀਤਾ ਹੈ। ਤੁਸੀਂ ਹਮੇਸ਼ਾ ਅਗਾਂਹ-ਵਧੂ ਕਦਰਾਂ ਕੀਮਤਾਂ ਨਾਲ ਖਲੋਤੇ ਹੋ

ਟਰੱਸਟ ਵਲੋਂ ਮਾਣ-ਪੱਤਰ ਤੇ ਮੋਮੈਂਟੋ ਗੁਰਚਰਨ ਰਾਮਪੁਰੀ ਤੇ ਦਰਸ਼ਨ ਗਿੱਲ ਨੇ ਭੇਂਟ ਕੀਤੇ। 500 ਡਾਲਰ ਦਾ ਚੈੱਕ ਗਿਆਨੀ ਕੇਸਰ ਹੋਰਾਂ ਡਾ: ਰਘੁਬੀਰ ਢੰਡ ਨੂੰ ਪੇਸ਼ ਕੀਤਾ। ਸ੍ਰੀਮਤੀ ਪ੍ਰਕਾਸ਼ ਢੰਡ ਨੂੰ ਸ਼ਾਲ ਪੇਸ਼ ਕੀਤ




ਸਟੇਜ ਤੇ ਗਿ: ਕੇਸਰ ਸਿੰਘ, ਰਾਮਪੁਰੀ, ਪ੍ਰਕਾਸ਼, ਰਘੁਬੀਰ ਢੰਡ ਤੇ ਦਰਸ਼ਨ ਗਿੱਲ



ਸਰੋਤੇ



ਐਵਾਰਡ ਲੈਂਦੇ ਰਘੁਬੀਰ ਢੰਡ



ਡਾ: ਰਘੁਬੀਰ ਢੰਡ ਨੇ ਕਿਹਾ ਕਿ 'ਮਨਜੀਤ ਯਾਦਗਾਰੀ ਪੁਰਸਕਾਰ' ਪ੍ਰਾਪਤ ਕਰਦਿਆਂ ਮੈਂ ਮਾਣ ਮਹਿਸੂਸ ਕਰਦਾ ਹਾਂ ਕਿਉਂਕਿ ਪਿਛਲੇ ਅੱਠ ਸਾਲ ਤੋਂ ਇਹ ਪੁਰਸਕਾਰ ਨਿਰੋਲ ਸਾਹਿਤਕ ਪ੍ਰਾਪਤੀਆਂ ਦੇ ਆਧਾਰ ਉਤੇ ਦਿਤਾ ਜਾਂਦਾ ਰਿਹਾ ਹੈ। ਉਨ੍ਹਾਂ ਵਿਸਥਾਰ ਨਾਲ ਆਪਣੇ ਕਹਾਣੀ ਲਿਖਣ ਦੀ ਕਲਾ ਬਾਰੇ ਸਰੋਤਿਆਂ ਨੂੰ ਵਾਕਫ਼ੀ ਦਿਤੀ।

ਗਿਆਨੀ ਕੇਸਰ ਸਿੰਘ ਹੋਰਾਂ ਆਪਣੇ ਪ੍ਰਧਾਨਗੀ ਭਾਸ਼ਨ ਵਿਚ ਕਿਹਾ ਕਿ ਡਾ: ਰਘੁਬੀਰ ਢੰਡ ਦੀ ਕਲਮ ਦੁਨੀਆਂ ਵਿਚ ਹਰ ਥਾਂ ਹੁੰਦੇ ਜ਼ੁਲਮ ਵਿਰੁੱਧ ਲੜਦੀ ਰਹੀ ਹੈ। ਇਸੇ ਲਈ ਉਨ੍ਹਾਂ ਦਾ ਸਨਮਾਨ ਸਾਹਿਤ ਦੀਆਂ ਉਚੀਆਂ ਕਦਰਾਂ ਕੀਮਤਾਂ ਦਾ ਸਨਮਾਨ ਹੈ।

ਪੰਜਾਬੀ ਸਾਹਿਤ ਦੇ ਦੋ ਸੌ ਦੇ ਕਰੀਬ ਰਸੀਆਂ ਨੇ ਗੰਭੀਰਤਾ ਪੂਰਨ ਇਸ ਸਨਮਾਨ-ਸਮਾਰੋਹ ਵਿਚ ਭਾਗ ਲਿਆ।

To protect your family, your mortgage, or to ensure your childrens' education, for an RRSP or an annuity, contact:

**AVTAR S. RANDHAWA**

B.A., B.T.




Metropolitan Insurance Companies

AVTAR S. RANDHAWA
687-5871 (office) or 325-3562 (Residence)
700-1176 W. GEORGIA ST. VANCOUVER.

**NORTH AMERICAN LIFE ASSURANCE COMPANY**

NORTH AMERICAN LIFE



- Life Insurance
- Mortgage Insurance
- Children's educational Plans
- RRSP

**Malkiat Mutti**
representative
320, 815 West Hastings St.
Vancouver, B.C. V6C 2W1

**Bus. 685-9335**
**Res. 522-7167**



JASBIR KAUR NARWAL
B.A. (U.B.C.)
A.I.B. I & II

**ਨਰਵਾਲ ਇਨਸ਼ੋਰੈਂਸ ਸਰਵਿਸਜ਼ ਲਿਮਿਟਿਡ**

**MURRICK INSURANCE SERVICES LTD.**

ICBC ਆਟੋਪਲੈਨ
- ਨਵੀਆਂ ਲਾਇਸੈਂਸ ਪਲੇਟਾਂ
- ਡੇਕਲ ਨਵੇਂ ਕਰਾਉਣੇ
- ਟਰਾਂਸਫਰ ਜਾਂ ਆਪਣੇ ਨਾਂ ਕਰਾਉਣੇ
- ਕਵਰੇਜ ਵਿਚ ਤਬਦੀਲੀ
- ਨਵੀਂ ਰਜਿਸਟ੍ਰੇਸ਼ਨ

ਜਨਰਲ
ਘਰ ਦੀ ਇਨਸ਼ੋਰੈਂਸ
- ਟੀਨੈਂਟ ਪੈਕੇਜ
- ਮੋਬਾਈਲ ਘਰ
- ਟਰੈਵਲ ਇਨਸ਼ੋਰੈਂਸ
- ਬੋਟ

ਲਾਈਫ
- ਟਰਮ ਇਨਸ਼ੋਰੈਂਸ
- ਮੌਰਗੇਜ
- ਬਿਜਨਸ
- ਨਾਨ-ਸਮੋਕਰ ਡਾਈਟ

Autoplan
AUTHORIZED AGENT
Short term half now half later policy

OPEN 9 to 5 (Mon.-Fri.)
10-3 Sat.
**6415 Main St.**
at 48th Vancouver
Call NARWAL 325-4744



ਪ੍ਰਿਤਪਾਲ ਸਿੰਘ ਨਰਵਾਲ
325-4744
ਦਫਤਰ ਦਾ ਫੋਨ

**ਪ੍ਰਿਤਪਾਲ ਸਿੰਘ ਨਰਵਾਲ**
**ਨੋਟਰੀ ਪਬਲਿਕ**
ਬੀ. ਏ. (ਪੰਜਾਬ) ਐਲ. ਐਲ. ਬੀ. (ਹਰਿਆਣਾ
ਸਾਬਕਾ ਐਡਵੋਕੇਟ ਤੇ ਓਥ.ਕਮਿਸ਼ਨਰ

- ਕਨਵੈਸਿੰਗ
- ਮਾਰਗੇਜ਼ ਤਿਆਰ ਕਰਨੀ
- ਕਾਨਟਰੈਕਟ ਤਿਆਰ ਕਰਨੇ
- ਟਰਾਂਸਲੇਸ਼ਨ
- ਐਫੀਡੇਵਿਟ
- ਪਾਵਰ ਆਫ ਅਟਾਰਨੀ
- ਮੁੱਢਲੀ ਵਿੱਲ (Will)
- ਇਮੀਗਰੇਸ਼ਨ
- ਗੋਦ ਲੈਣਾ ਆਦਿ

**6415 Main St.**
[at 48th Ave.],
Vancouver

Oper 9 to 5 (Mon.-Fri.)
Sat. 10-3
**325-4744**

# ਦਿਉਲ ਲੇਡੀਜ਼ ਟੇਲਰ ਸ਼ਾਪ

**11860 - Oldfield Ave., Richmond, B.C. V6X 1M4**

**Phone : 270-1529**

ਅਸੀਂ ਹਰ ਤਰ੍ਹਾਂ ਦੇ ਡੀਜ਼ਾਇਨਾਂ ਵਾਲੇ ਪੰਜਾਬੀ ਸੂਟ, ਪਟਿਆਲਾ ਸ਼ਾਹੀ ਸੂਟ, ਬਲਾਊਜ਼, ਪੇਟੀਕੋਟ, ਡਰੈਸ, ਸਾੜ੍ਹੀ ਫਾਲ ਆਦਿ ਦੀ ਤਸੱਲੀਬਖਸ਼ ਸਲਾਈ ਕਰਦੇ ਹਾਂ

ਹਰ ਤਰ੍ਹਾਂ ਦੀ ਰੀਪੇਅਰ ਵੀ ਕੀਤੀ ਜਾਂਦੀ ਹੈ। ਸਾਡੀਆਂ ਸੇਵਾਵਾਂ ਦਾ ਲਾਭ ਉਠਾਓ ਤੇ ਹੋਰ ਜਾਣਕਾਰੀ ਲਈ ਫ਼ੋਨ ਕਰੋ :

270-1529


# ਰਾਜ ਕਪੂਰ ਦੀ ਸਮਾਧੀ ਬਣੇਗੀ

ਬੰਬਈ — ਇਥੋਂ 100 ਕਿਲੋਮੀਟਰ ਦੂਰ ਪੂਨੇ ਨੇੜੇ ਲੋਨੀ ਵਿਖੇ ਸਵਰਗਵਾਸੀ ਐਕਟਰ-ਡਾਇਰੈਕਟਰ ਰਾਜ ਕਪੂਰ ਦੀ ਸਮਾਧੀ ਬਣਾਈ ਜਾਵੇਗੀ। ਰਾਜ ਕਪੂਰ ਦੇ ਲੜਕੇ ਸ੍ਰੀ ਰਣਧੀਰ ਕਪੂਰ ਨੇ ਯੂ. ਐਨ. ਆਈ. ਨੂੰ ਦੱਸਿਆ ਕਿ ਲੋਨੀ ਵਿਖੇ ਰਾਜ ਕਪੂਰ ਦੇ ਫਾਰਮ 'ਤੇ ਪਹਿਲਾਂ ਹੀ ਸ੍ਰੀ ਪ੍ਰਿਥਵੀ ਰਾਜ ਕਪੂਰ ਅਤੇ ਉਨ੍ਹਾਂ ਦੀ ਧਰਮ ਪਤਨੀ ਰਾਮਸਾਰਨੀ ਦੀਆਂ ਸਮਾਧੀਆਂ ਬਣੀਆਂ ਹੋਈਆਂ ਹਨ। ਉਨ੍ਹਾਂ ਸਮਾਧੀਆਂ ਦੇ ਨਾਲ ਹੀ ਰਾਜ ਕਪੂਰ ਦੀ ਸਮਾਧੀ ਬਣਾਈ ਜਾਵੇਗੀ।

# ਜਥੇਦਾਰ ਸੇਖਵਾਂ ਦੀ ਗ੍ਰਿਫਤਾਰੀ ਦੀ ਨਿੰਦਾ

ਜਲੰਧਰ — ਭਾਰਤੀ ਘੱਟ ਗਿਣਤੀ ਦੇ ਦਲਿਤ ਫਰੰਟ ਪੰਜਾਬ ਦੇ ਜਨਰਲ ਸਕੱਤਰ ਡਾਕਟਰ ਜਸਬੀਰ ਸਿੰਘ ਦੁਸਾਂਝ, ਬਲਬੀਰ ਸਿੰਘ ਸੰਘਾ ਐਡਵੋਕੇਟ, ਆਰ. ਸੀ. ਪਾਲ ਐਡਵੋਕੇਟ, ਹਾਜੀ ਅਨਵਾਰ ਅਹਿਮਦ ਖਾਨ, ਸ੍ਰੀ ਰੋਕ ਸੰਧੂ, ਸ੍ਰੀ ਰਮੇਸ਼ ਚੰਦਰ, ਪ੍ਰੋ: ਰਣਜੀਤ ਸਿੰਘ ਬੱਲ, ਕਰਨਲ ਚੰਨਣ ਸਿੰਘ ਢਿੱਲੋਂ, ਭਗਤ ਸਿੰਘ ਭੂੰਘਰਨੀ, ਬਲਦੇਵ ਸਿੰਘ (ਰਿਟਾ: ਡੀ ਪੀ ਆਈ) ਅਤੇ ਜਤਿੰਦਰ ਸਿੰਘ ਢਿੱਲੋਂ ਨੇ ਇਕ ਸਾਂਝੇ ਬਿਆਨ ਵਿਚ ਭਾਰਤੀ ਘੱਟ-ਗਿਣਤੀ ਤੇ ਦਲਿਤ ਫਰੰਟ ਦੇ ਪ੍ਰਧਾਨ ਜਥੇਦਾਰ ਉਜਾਗਰ ਸਿੰਘ ਸੇਖਵਾਂ ਦੀ ਐਨ ਐਸ ਏ ਅਧੀਨ ਗ੍ਰਿਫਤਾਰੀ ਦੀ ਪੁਰਜ਼ੋਰ ਸ਼ਬਦਾਂ ਵਿਚ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਹਕੂਮਤ ਹਰ ਹਰਬੇ ਜਮਹੂਰੀ ਲਹਿਰਾਂ ਨੂੰ ਖਤਮ ਕਰਨ ਤੇ ਤੁਲੀ ਹੋਈ ਹੈ ਅਤੇ ਫਾਸ਼ੀਵਾਦ ਵੱਲ ਕਦਮ ਵਧਾ ਰਹੀ ਹੈ। ਫਰੰਟ ਦੇ ਲੀਡਰਾਂ ਨੇ ਜਥੇਦਾਰ ਸੇਖਵਾਂ ਅਤੇ ਹੋਰ ਅਕਾਲੀ ਲੀਡਰਾਂ ਦੀ ਤੁਰੰਤ ਰਿਹਾਈ ਦੀ ਮੰਗ ਕੀਤੀ।

# ਸ਼੍ਰੋਮਣੀ ਕਮੇਟੀ ਆਪਣੇ ਫੈਸਲੇ ਫਿਰ ਵਿਚਾਰੇ

ਪਟਿਆਲਾ — ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਲਏ ਗਏ ਫੈਸਲਿਆਂ ਨਾਲ ਇਕ ਵਾਰੀ ਫੇਰ ਸਾਂਝੇ ਅਕਾਲੀ ਦਲ ਵਿਚ ਤਰੇੜਾਂ ਅਤੇ ਸਾਫ ਗਰੁੱਪਬੰਦੀ ਦਿਖਾਈ ਦਿੱਤੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਮੇਟੀ ਵਲੋਂ ਪੰਜ ਸਿੰਘ ਸਾਹਿਬਾਨ ਨੂੰ ਹਟਾਏ ਜਾਣ ਦਾ ਸਵਾਗਤ ਕੀਤਾ ਜਦੋਂ ਕਿ ਬਾਬਾ ਜੋਗਿੰਦਰ ਸਿੰਘ ਦੇ ਨੇੜਲੇ ਅਤੇ ਪਟਿਆਲਾ ਤੋਂ ਸੀਨੀਅਰ ਅਕਾਲੀ ਨੇਤਾ ਜ: ਬਲਦੇਵ ਸਿੰਘ ਲੰਗ ਨੇ ਫੈਸਲਿਆਂ ਦੀ ਕਰੜੀ ਆਲੋਚਨਾ ਕੀਤੀ ਹੈ। ਜ: ਲੰਗ ਨੇ ਕਿਹਾ ਕਿ ਐਸ ਜੀ ਪੀ ਸੀ ਨੂੰ ਸਿੰਘ ਸਾਹਿਬਾਨ ਨੂੰ ਹਟਾਉਣ ਦਾ ਕੋਈ ਅਧਿਕਾਰ ਨਹੀਂ ਕਿਉਂਕਿ ਉਨ੍ਹਾਂ ਦੀ ਨਿਯੁਕਤੀ ਸਰਬੱਤ ਖਾਲਸਾ ਵਲੋਂ ਕੀਤੀ ਗਈ ਸੀ। ਇਸ ਲਈ ਸਰਬੱਤ ਖਾਲਸਾ ਬੁਲਾਇਆ ਜਾਵੇ ਤਾਂ ਕਿ ਪੰਥ ਨੂੰ ਸੰਕਟ ਵਿਚੋਂ ਕੱਢਿਆ ਜਾ ਸਕੇ। ਇਸੇ ਦੌਰਾਨ ਪਟਿਆਲਾ ਦੀ ਕੇਂਦਰੀ ਜੇਲ੍ਹ ਵਿਚ ਨਜ਼ਰਬੰਦ ਸੰਤ ਅਜੀਤ ਸਿੰਘ ਨੇ ਕਮੇਟੀ ਦੇ ਫੈਸਲੇ ਨੂੰ ਸਰਕਾਰੀ ਸ਼ਹਿ ਵਾਲਾ ਕਿਹਾ ਹੈ ਉਨ੍ਹਾਂ ਕਿਹਾ ਕਿ ਇਹ ਵੇਲਾ ਸਾਰੀ ਕੌਮ ਨੂੰ ਇਕਮੁੱਠ ਹੋ ਕੇ ਕੇਂਦਰ ਵਲੋਂ ਕੀਤੇ ਜਬਰ ਅਤੇ ਆਰਡੀਨੈਂਸ ਦਾ ਇਕਮੁੱਠ ਹੋ ਕੇ ਜੁਆਬ ਦਿੱਤੇ ਜਾਣ ਦਾ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਸਲਾਹ ਦਿਤੀ ਕਿ ਉਹ ਫੈਸਲਿਆਂ 'ਤੇ ਮੁੜ ਵਿਚਾਰ ਕਰੇ ਨਹੀਂ ਤਾਂ ਭਰਾ-ਮਾਰੂ ਜੰਗ ਸ਼ੁਰੂ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਮਲਬੇ ਵਿਚੋਂ ਲਾਸ਼ਾਂ ਦਾ ਕੰਮ ਜਾਰੀ ਰੱਖ ਕੇ ਸਰਕਾਰ ਵਲੋਂ ਜੋ ਭੰਡੀ ਪ੍ਰਚਾਰ ਕੀਤਾ ਜਾ ਰਿਹਾ ਹੈ ਇਸ ਦੀ ਸਾਰੀ ਜ਼ਿਮੇਂਵਾਰੀ ਸ਼੍ਰੋਮਣੀ ਕਮੇਟੀ ਉਤੇ ਆਉਂਦੀ ਹੈ।

# ਇੰਕਾ ਨੂੰ ਹਟਾ ਕੇ ਹੀ ਦੇਸ਼ ਨੂੰ ਬਚਾਇਆ ਜਾ ਸਕਦਾ — ਦੇਵੀ ਲਾਲ

ਪਟਨਾ — ਹਰਿਆਣਾ ਦੇ ਮੁਖ ਮੰਤਰੀ ਦੇਵੀ ਲਾਲ ਨੇ ਕਿਹਾ ਹੈ ਕਿ ਕਾਂਗਰਸ ਨੂੰ ਸੱਤਾ ਤੋਂ ਹਟਾ ਕੇ ਹੀ ਦੇਸ਼ ਨੂੰ ਤਬਾਹੀ ਤੋਂ ਬਚਾਇਆ ਜਾ ਸਕਦਾ ਹੈ ਅਤੇ ਇਹ ਤਦ ਹੀ ਸੰਭਵ ਹੋ ਸਕਦਾ ਜੇਕਰ ਅਪੋਜ਼ੀਸ਼ਨ ਪਾਰਟੀਆਂ ਇਕ ਹੋਣ। ਬਿਹਾਰ ਯੁਵਾ ਲੋਕ ਦਲ ਦੇ ਰਾਜ ਪੱਧਰੀ ਸੰਮੇਲਨ ਦਾ ਉਦਘਾਟਨ ਕਰਦਿਆਂ ਹੋਇਆਂ ਸ੍ਰੀ ਦੇਵੀ ਲਾਲ ਨੇ ਕਿਹਾ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਖਤਰਾ ਵਧਦਾ ਜਾ ਰਿਹਾ ਹੈ।


"FOR ALL YOUR PRINTING NEEDS"

**dhannu printing co. ltd.**

Printers □ Lithographers

English Wedding Cards and other Printing at reasonable rates

## ਧੰਨੂ ਪ੍ਰਿੰਟਿਂਗ ਕੰਪਨੀ ਲਿਮਿ:

ਵਿਆਹ ਸ਼ਾਦੀਆਂ ਦੇ ਕਾਰਡ ਅਤੇ ਹਰ ਕਿਸਮ ਦੀ ਪ੍ਰਿੰਟਿਂਗ ਲਈ ਫ਼ੋਨ ਕਰੋ ਜਾਂ ਦਰਸ਼ਨ ਦਿਓ

ਭਾਰਤ ਤੋਂ ਆਏ ਨਵੇਂ ਨਵੇਂ ਡੀਜ਼ਾਈਨਾਂ ਅਤੇ ਰੰਗਾਂ ਵਿਚੋਂ ਆ ਕੇ ਆਪਣੀ ਮਨਪਸੰਦ ਦੇ ਕਾਰਡ ਪਸੰਦ ਕਰੋ

ਵਾਜਬ ਕੀਮਤਾਂ — ਵਧੀਆ ਕੁਆਲਿਟੀ

Ph. Bus. 585-2004 Res. 585-7916

10281 - 133A St., SURREY, B.C. V3T 4A1





ਦਰਸ਼ਨ ਸਿੰਘ ਉੱਪਲ

DARSHAN SINGH UPPAL

14 year experience, specializing in residential Homes, Lands and Farms.

For FREE Market Evaluation Of Your Property or To Buy and sell.

Call :

Ph. Off. 590-3231

Res. 594-8758

ਹਰ ਪ੍ਰਕਾਰ ਦੀ ਪ੍ਰਾਪਰਟੀ ਖ਼੍ਰੀਦਣ

ਜਾਂ

ਵੇਚਣ ਲਈ

ਮਿੱਤਰਤਾ ਭਰੀ, ਈਮਾਨਦਾਰ

ਅਤੇ ਤਜਰਬੇਕਾਰ ਸਲਾਹ ਲਈ

ਦਰਸ਼ਨ ਸਿੰਘ ਉੱਪਲ ਨੂੰ ਮਿਲੋ ਜਾਂ ਫੋਨ ਕਰੋ :

LAKEVIEW REALTY LTD. DELTA 590-3231

7909 SCOTT RD., DELTA, B.C. V4C 6P6



NEW YORK LIFE INSURANCE COMPANY
2030-1055 W. Georgia Street.
Vancouver, B.C. V6E 3P3

LIFE ■ HEALTH ■ GROUP ■ DISABILITY INSURANCE

ਬੀਮਾ ਲੋੜਾਂ ਹਰ ਇਕ ਆਦਮੀ ਦੀ ਮਾਸਕ ਆਮਦਨ ਮੁਤਾਬਕ ਹੁੰਦੀਆਂ ਹਨ

ਤੁਹਾਨੂੰ ਕਿੰਨੇ ਬੀਮੇ ਦੀ ਲੋੜ ਹੈ, ਤੁਸੀਂ ਰੀਟਾਇਰ ਹੋਣ ਵੇਲੇ ਕਿੰਨੀ ਆਮਦਨ ਮੰਗਦੇ ਹੋ,

ਮੈਂ ਤੁਹਾਨੂੰ ਦੱਸਾਂਗਾ ਕਿ ਤੁਹਾਨੂੰ ਕੀ ਵਾਜਬ ਹੈ ?

Off: 685-7364 **Bhupinder Dhaliwal** Res: 589-1559



Bhupinder Dhaliwal

# ਪੰਜਾਬ ਦੇ ਦਹਿਸ਼ਤਪਸੰਦਾਂ ਨੂੰ ਪਾਕਿ ਵਲੋਂ ਮਦਦ ਦਿਤੇ ਜਾਣ ਦੀ ਰਾਜੀਵ, ਅਸਦ ਵਲੋਂ ਆਲੋਚਨਾ

ਦਮਿਸ਼ਕ — ਸੀਰੀਆ ਦੇ ਰਾਸ਼ਟਰਪਤੀ ਹਾਫਿਜ਼ ਅਲ ਅਸਦ ਅਤੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦਰਮਿਆਨ ਹੋਈ ਗੱਲਬਾਤ ਵਿਚ ਪੰਜਾਬ 'ਚ ਦਹਿਸ਼ਤਪਸੰਦਾਂ ਨੂੰ ਮੱਦਦ ਅਤੇ ਅਫਗਾਨਿਸਤਾਨ ਦੇ ਅੰਦਰੂਨੀ ਮਾਮਲਿਆਂ ਲਈ ਦਖਲ ਲਈ ਪਾਕਿਸਤਾਨ ਦੀ ਜ਼ੋਰਦਾਰ ਆਲੋਚਨਾ ਕੀਤੀ ਗਈ। ਸਵਾ ਤਿੰਨ ਘੰਟੇ ਤਕ ਚਲੀ ਇਸ ਗੱਲਬਾਤ ਵਿਚ ਸ੍ਰੀ ਗਾਂਧੀ ਨੇ ਸੀਰੀਆ ਦੇ ਰਾਸ਼ਟਰਪਤੀ ਨੂੰ ਪਾਕਿਸਤਾਨ ਨਾਲ ਚੰਗੇਰੇ ਸੰਬੰਧ ਬਣਾਉਣ ਦੀ ਦਿਸ਼ਾ ਵਿਚ ਭਾਰਤ ਵਲੋਂ ਚੁੱਕੇ ਗਏ ਕਦਮਾਂ ਦੀ ਜਾਣਕਾਰੀ ਦਿੱਤੀ। ਉਨ੍ਹਾਂ ਇਹ ਵੀ ਦੱਸਿਆ ਕਿ ਕਿਸ ਤਰ੍ਹਾਂ ਪਾਕਿਸਤਾਨ ਦੇ ਕਦਮਾਂ ਨਾਲ ਦੋਹਾਂ ਦੇਸ਼ਾਂ ਦਰਮਿਆਨ ਮਾਹੌਲ ਵਿਗੜਿਆ ਹੈ।

ਉਨ੍ਹਾਂ ਕਿਹਾ ਕਿ ਪਾਕਿਸਤਾਨ ਦਾ ਵਤੀਰਾ ਸ਼ਿਮਲਾ ਸਮਝੌਤੇ ਦੇ ਉਲਟ ਹੈ। ਸਮਝੌਤੇ ਅਨੁਸਾਰ ਦੋਵੇਂ ਦੇਸ਼ ਇਕ ਦੂਸਰੇ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਨਾ ਦੇਣ ਅਤੇ ਆਪਸੀ ਵਿਵਾਦਾਂ ਨੂੰ ਗੱਲਬਾਤ ਦੇ ਜ਼ਰੀਏ ਹੱਲ ਕਰਨ ਲਈ ਵਚਨਬੱਧ ਹਨ।

ਪੰਜਾਬ ਵਿਚ ਦਹਿਸ਼ਤਪਸੰਦਾਂ ਨੂੰ ਪਾਕਿਸਤਾਨ ਦੀ ਮਦਦ ਦਾ ਮਸਲਾਂ ਮੰਤਰੀ ਪੱਧਰ ਦੀ ਮੀਟਿੰਗ ਵਿਚ ਉਠਿਆ। ਵਿਦੇਸ਼ ਰਾਜ ਮੰਤਰੀ ਸ੍ਰੀ ਨਟਵਰ ਸਿੰਘ ਨੇ ਸੀਰੀਆ ਦੇ ਵਿਦੇਸ਼ ਮੰਤਰੀ ਫਾਰੂਕ ਅਲ ਸ਼ਾਰ ਨੂੰ ਦੱਸਿਆ ਕਿ ਦਹਿਸ਼ਤਪਸੰਦਾਂ ਨੂੰ ਪਾਕਿਸਤਾਨੀ ਮੱਦਦ ਦੇ ਸਬੂਤ ਪਾਕਿਸਤਾਨੀ ਅਧਿਕਾਰੀਆਂ ਨੂੰ ਦੇ ਦਿੱਤੇ ਗਏ ਹਨ। ਇਕ ਸਰਕਾਰ ਬੁਲਾਰੇ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸ੍ਰੀ ਗਾਂਧੀ ਅਤੇ ਸ੍ਰੀ ਅਸਦ ਦੀ ਮੀਟਿੰਗ ਦੋਸਤਾਨਾ ਅਤੇ ਸਦਭਾਵਨਾਪੂਰਨ ਮਾਹੌਲ ਵਿਚ ਹੋਈ। ਮੀਟਿੰਗ ਨੀਯਤ ਸਮੇਂ ਤੋਂ 75 ਮਿੰਟ ਵੱਧ ਚੱਲੀ।

ਵਧੇਰੇ ਮਾਮਲਿਆਂ ਵਿਚ ਦੋਹਾਂ ਧਿਰਾਂ ਦੇ ਵਿਚਾਰਾਂ ਵਿਚ ਸਹਿਮਤੀ ਸੀ। ਫਲਸਤੀਨੀ ਮਸਲੇ ਨੂੰ ਸੁਲਝਾਉਣ ਲਈ ਕੌਮਾਂਤਰੀ ਸੰਮੇਲਨ ਬੁਲਾਉਣ ਅਫਗਾਨਿਸਤਾਨ ਮਸਲਾ, ਇਰਾਨ-ਇਰਾਕ ਜੰਗ ਅਤੇ ਪੱਛਮੀ ਏਸ਼ੀਆ ਦੀ ਸਥਿਤੀ ਬਾਰੇ ਦੋਹਾਂ ਦੇਸ਼ਾਂ ਦੇ ਵਿਚਾਰ ਇਕੋ ਜਿਹੇ ਸਨ। ਦੋਹਾਂ ਧਿਰਾਂ ਨੇ ਕਿਹਾ ਕਿ ਫਲਸਤੀਨੀ ਮੁਕਤੀ ਸੰਗਠਨ ਨੂੰ ਨੁਮਾਇੰਦਗੀ ਦਿੱਤੇ ਬਿਨਾਂ ਇਸ ਮਸਲੇ ਦਾ ਕੋਈ ਹੱਲ ਸੰਭਵ ਨਹੀਂ ਹੈ।

ਰਾਸ਼ਟਰਪਤੀ ਅਸਦ ਨੇ ਪੰਡਿਤ ਜਵਾਹਰ ਲਾਲ ਨਹਿਰੂ ਦੇ ਸਮੇਂ ਤੋਂ ਹੀ ਅਰਬ ਹਿੱਤਾਂ ਪ੍ਰਤੀ ਭਾਰਤੀ ਸਮਰਥਨ ਦੀ ਪ੍ਰਸ਼ੰਸਾ ਕੀਤੀ। ਦੋਹਾਂ ਦੇਸ਼ਾਂ ਨੇ ਜੈਨੇਵਾ ਸਮਝੌਤੇ ਦੀ ਪ੍ਰਸੰਸਾ ਕਰਦੇ ਹੋਏ ਮਹਿਸੂਸ ਕੀਤਾ ਕਿ ਪਾਕਿਸਤਾਨ ਅਫਗਾਨਿਸਤਾਨ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਨਾ ਦੇਣ ਦੇ ਸਿਧਾਂਤ ਦੀ ਪਾਲਣਾ ਨਹੀਂ ਕਰ ਰਿਹਾ। ਸੀਰੀਆ ਨੇ ਗੱਲਬਾਤ ਵਿਚ ਇਸਰਾਈਲੀ ਕਬਜ਼ੇ ਵਾਲੇ ਇਲਾਕਿਆਂ ਵਿਚ ਬੀਤੇ ਛੇ ਮਹੀਨਿਆਂ ਤੋਂ ਹੋ ਰਹੀ ਗੜਬੜ ਦਾ ਵੇਰਵਾ ਦਿੱਤਾ। ਰਾਸ਼ਟਰਪਤੀ ਅਸਦ ਨੇ ਕਿਹਾ ਕਿ ਲੋਕ ਰਾਏ ਇਸਰਾਈਲ ਦੇ ਵਿਰੁਧ ਹੈ। ਪਰ ਉਹ ਲਗਾਤਾਰ ਸਖਤ ਰੁਖ ਅਪਣਾ ਰਿਹਾ ਹੈ।

ਦੋਹਾਂ ਧਿਰਾਂ ਦਰਮਿਆਨ ਫਲਸਤੀਨੀ ਮਸਲੇ ਦੇ ਹੱਲ ਲਈ ਸੁਲਜ਼ ਯੋਜਨਾ ਤੇ ਵੀ ਵਿਚਾਰ ਹੋਈ। ਇਸ ਪਿਛੋਕੜ ਵਿਚ ਇਹ ਮਹਿਸੂਸ ਕੀਤਾ ਗਿਆ ਕਿ ਫਲਸਤੀਨੀ ਮੁਕਤੀ ਸੰਗਠਨ ਦੀ ਭਾਈਵਾਲੀ ਤੋਂ ਬਿਨਾਂ ਇਸ ਦਿਸ਼ਾ ਵਿਚ ਬੁਲਾਇਆ ਕੋਈ ਸੰਮੇਲਨ ਸਫਲ ਨਹੀਂ ਹੋ ਸਕਦਾ।

ਮੰਤਰੀ ਪੱਧਰ ਦੀ ਮੀਟਿੰਗ ਵਿਚ ਭਾਰਤ ਨੇ ਦੱਖਣ ਏਸ਼ੀਆ ਦੇ ਹਾਲਾਤ ਦੀ ਜਾਣਕਾਰੀ ਦਿੱਤੀ।

# ਖਾਲਿਸਤਾਨ ਦੀ ਮੰਗ ਨਾਲ ਸਿੱਖਾਂ ਦਾ ਕੋਈ ਵਾਸਤਾ ਨਹੀਂ — ਉਮਰਾਨੰਗਲ

ਅੰਮ੍ਰਿਤਸਰ — ਵੰਦੇ ਮਾਂਤਰਮ ਜਥੇਬੰਦੀ ਦੇ ਲਗਪਗ 400 ਵਾਲੰਟੀਅਰ, ਜੋ ਮਹਾਰਾਸ਼ਟਰ ਤੋਂ ਪਦ-ਯਾਤਰਾ ਕਰਦੇ ਹੋਏ ਅੰਮ੍ਰਿਤਸਰ ਵਲ ਆ ਰਹੇ ਸਨ, ਬੀਤੇ ਦਿਨੀਂ ਅਕਾਲੀ ਲੀਡਰ ਜੀਵਨ ਸਿੰਘ ਉਮਰਾਨੰਗਲ ਦੇ ਪਿੰਡ ਉਮਰਾਨੰਗਲ ਵਿਚ ਠਹਿਰੇ। ਇਨ੍ਹਾਂ ਵਾਲੰਟੀਅਰਾਂ ਨੂੰ ਸੰਬੋਧਨ ਕਰਦੇ ਹੋਏ ਉਮਰਾਨੰਗਲ ਨੇ ਕਿਹਾ ਕਿ ਖਾਲਿਸਤਾਨ ਦੀ ਮੰਗ ਕੁਝ ਸ਼ਰਾਰਤੀ ਅਨਸਰਾਂ ਦੀ ਉਡਾਈ ਹੋਈ ਹੈ ਤੇ ਸਿੱਖਾਂ ਦਾ ਇਸ ਨਾਲ ਦੂਰ ਦਾ ਵੀ ਵਾਸਤਾ ਨਹੀਂ। ਕੁਝ ਸਿੱਖ ਲੀਡਰ ਸਿਰਫ ਇਸ ਕਰਕੇ ਹੀ ਖਾਲਿਸਤਾਨ ਦੀ ਹਮਾਇਤ ਕਰਦੇ ਹਨ ਕਿਉਂਕਿ ਉਹ ਅਤਿਵਾਦੀਆਂ ਤੋਂ ਡਰਦੇ ਹਨ।

ਉਨ੍ਹਾਂ 1984 ਦੇ ਅਪਰੇਸ਼ਨ ਬਲਿਊ ਸਟਾਰ ਦੀ ਆਲੋਚਨਾ ਕੀਤੀ ਪਰ ਅਪਰੇਸ਼ਨ ਬਲੈਕ ਥੰਡਰ ਦੀ ਸ਼ਲਾਘਾ ਕੀਤੀ। ਉਨ੍ਹਾਂ ਅਤਿਵਾਦੀਆਂ ਦੀ ਮਦਦ ਕਰਨ ਲਈ ਪਾਕਿਸਤਾਨ ਦੀ ਅਲੋਚਨਾ ਕੀਤੀ। ਜਥੇਬੰਦੀ ਦੇ ਪ੍ਰਧਾਨ ਸੰਜੇ ਨਾਹਰ ਨੇ ਦਹਿਸ਼ਤਪਸੰਦਾਂ ਨੂੰ ਅਪੀਲ ਕੀਤੀ ਕਿ ਉਹ ਨਿਰਦੋਸ਼ ਲੋਕਾਂ ਦੇ ਕਤਲ ਬੰਦ ਕਰਨ।

# ਵੀ. ਪੀ. ਸਿੰਘ ਦੱਸਣ ਕਿ ਉਨ੍ਹਾਂ ਦੇ ਪੁੱਤਰ ਕੋਲ ਰਿਲਾਇੰਸ ਦੇ ਕਿੰਨੇ ਸ਼ੇਅਰ ਹਨ — ਆਜ਼ਾਦ

ਇਲਾਹਾਬਾਦ — ਸਾਬਕਾ ਵਿੱਤ ਅਤੇ ਰਖਿਆ ਮੰਤਰੀ ਸ੍ਰੀ ਵੀ ਪੀ ਸਿੰਘ ਇਹ ਦੱਸਣ ਕਿ ਉਨ੍ਹਾਂ ਦੇ ਪੁਤਰ ਕੋਲ ਰਿਲਾਇੰਸ ਕੰਪਨੀ ਦੇ ਕਿੰਨੇ ਸ਼ੇਅਰ ਹਨ। ਇਹ ਸਵਾਲ ਆਲ ਇੰਡੀਆ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਸ੍ਰੀ ਗੁਲਾਮ ਨਬੀ ਆਜ਼ਾਦ ਨੇ ਇਥੇ ਉਠਾਇਆ। ਸ੍ਰੀ ਆਜ਼ਾਦ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਸ੍ਰੀ ਸਿੰਘ ਜਨਤਾ ਨੂੰ ਇਹ ਵੀ ਦੱਸਣ ਕਿ ਜਦੋਂ ਉਹ ਵਿੱਤ ਮੰਤਰੀ ਸਨ ਅਤੇ ਉਨ੍ਹਾਂ ਦੇ ਪੁਤਰ ਨੇ ਰਿਲਾਇੰਸ ਕੰਪਨੀ ਦੇ ਸ਼ੇਅਰ ਖਰੀਦੇ, ਉਸ ਮਹੀਨੇ ਵਿਚ ਸ਼ੇਅਰ ਦੇ ਭਾਅ ਕਿੰਨੇ ਸਨ ਅਤੇ ਸ਼ੇਅਰ ਖਰੀਦੇ ਜਾਣ ਤੋਂ ਬਾਅਦ ਉਸ ਦੇ ਭਾਅ ਕਿੰਨੇ ਵਧਾਏ ਗਏ।

ਸ੍ਰੀ ਆਜ਼ਾਦ ਨੇ ਇਹ ਵੀ ਜਾਣਨਾ ਚਾਹਿਆ ਕਿ ਇਸ ਸ਼ੇਅਰ ਦੀ ਹੁਣ ਕਿੰਨੀ ਕੀਮਤ ਹੋ ਗਈ ਹੈ। ਉਨ੍ਹਾਂ ਕਿਹਾ ਕਿ ਜੇ ਸ੍ਰੀ ਸਿੰਘ ਇਨ੍ਹਾਂ ਸਵਾਲਾਂ ਦਾ ਜਵਾਬ ਨਹੀਂ ਦੇ ਸਕਦੇ ਤਾਂ ਮੈਂ ਇਸ ਦੀ ਜਾਣਕਾਰੀ ਦੇਵਾਂਗਾ। ਇਲਾਹਾਬਾਦ ਸੰਸਦੀ ਉਪ ਚੋਣ ਦੇ ਸੰਬੰਧ ਵਿਚ ਸ੍ਰੀ ਆਜ਼ਾਦ ਨੇ ਕਿਹਾ ਕਿ ਇੰਕਾ ਦਾ ਉਮੀਦਵਾਰ ਜੇਤੂ ਹੋਵੇਗਾ। ਉਨ੍ਹਾਂ ਕਿਹਾ ਕਿ ਇੰਕਾ ਨੂੰ ਆਪਣੇ ਉਪਰ ਅਤੇ ਵੋਟਰਾਂ ਉਪਰ ਪੂਰਾ ਵਿਸ਼ਵਾਸ ਹੈ। ਇਸ ਲਈ ਪਾਰਟੀ ਇਕੱਲੀ ਚੋਣ ਲੜਦੀ ਹੈ।

ਸ੍ਰੀ ਵੀ ਪੀ ਸਿੰਘ 'ਤੇ ਝੂਠ ਬੋਲਣ ਦਾ ਇਲਜ਼ਾਮ ਲਗਾਉਂਦੇ ਹੋਏ ਸ੍ਰੀ ਆਜ਼ਾਦ ਨੇ ਉਨ੍ਹਾਂ ਨੂੰ ਸਿਧਾਂਤਹੀਣ ਵਿਅਕਤੀ ਦੱਸਿਆ। ਉਨ੍ਹਾਂ ਕਿਹਾ ਕਿ ਸ੍ਰੀ ਸਿੰਘ ਨੇ ਕਿਹਾ ਸੀ ਕਿ ਉਨ੍ਹਾਂ ਦੀ ਕੋਈ ਪਾਰਟੀ ਨਹੀਂ ਫੇਰ ਉਹ ਚੋਣ ਕਿਵੇਂ ਲੜ ਰਹੇ ਹਨ। ਉਨ੍ਹਾਂ ਨੇ ਜਨਤਾ ਨੂੰ ਸੱਦਾ ਦਿੱਤਾ ਕਿ ਇਲਾਹਾਬਾਦ ਉਪ ਚੋਣ ਵਿਚ ਫੁਟ ਪਾਊ ਤੇ ਦੇਸ਼ ਵਿਰੋਧੀ ਤਾਕਤਾਂ ਨੂੰ ਹਾਰ ਦੇਵੇ ਜੋ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਨਾਲ ਖਿਲਵਾੜ ਕਰ ਰਹੀ ਹੈ।

# ਥੋੜ੍ਹੀ ਸ਼ਰਾਬ ਪੀਣ ਨਾਲ ਵੀ ਕੈਂਸਰ ਹੋ ਸਕਦੈ!

ਲਾਸ ਏਂਜਲਸ — ਸ਼ਰਾਬ ਦੇ ਇਕ ਜਾਂ ਦੋ ਪਿਆਲੇ ਵੀ ਕੈਂਸਰ ਦਾ ਕਾਰਨ ਬਣ ਸਕਦੇ ਹਨ। ਕੈਲੇਫੋਰਨੀਆਂ ਦੀ ਵਿਗਿਆਨਕ ਸਲਾਹਕਾਰ ਕਮੇਟੀ ਨੇ ਸ਼ਰਾਬ ਦੀਆਂ ਬੋਤਲਾਂ, ਬਾਰ ਅਤੇ ਰੈਸਟੋਰੈਂਟਾਂ ਵਿਚ ਇਹ ਚਿਤਾਵਨੀ ਲਿਖਣ ਦੀ ਸਲਾਹ ਦਿਤੀ ਹੈ ਕਿ 'ਸ਼ਰਾਬ ਨਾਲ ਕੈਂਸਰ ਹੋ ਸਕਦਾ ਹੈ।'

ਏ. ਐਫ. ਪੀ. ਨੇ ਕੈਲੇਫੋਰਨੀਆਂ ਯੂਨੀਵਰਸਿਟੀ ਦੇ ਵਿਗਿਆਨੀਆਂ ਦੇ ਹਵਾਲੇ ਨਾਲ ਇਹ ਜਾਣਕਾਰੀ ਦਿੱਤੀ ਹੈ। ਇਨ੍ਹਾਂ ਵਿਗਿਆਨੀਆਂ ਨੇ ਰਾਸ਼ਟਰੀ ਵਿਗਿਆਨ ਅਕੈਡਮੀ ਦੀ ਪੁਸਤਕ ਵਿਚ ਛਪੇ ਇਕ ਲੇਖ ਵਿਚ ਅਲਕੋਹਲ ਦੇ ਰਸਾਇਣਿਕ ਪ੍ਰਭਾਵਾਂ ਦਾ ਵਿਸ਼ਲੇਸ਼ਣ ਕਰਦੇ ਹੋਏ ਉਕਤ ਸਿੱਟਾ ਕੱਢਿਆ ਹੈ।

ਇਸ ਲੇਖ ਵਿਚ ਅਗੇ ਚਲ ਕੇ ਕਿਹਾ ਗਿਆ ਹੈ ਕਿ ਡੀ ਐਨ ਏ ਨੂੰ ਜਦ ਇਕ ਪਰਖਨਲੀ ਵਿਚ ਅਲਕੋਹਲ ਨਾਲ ਮਿਲਾ ਕੇ ਵੇਖਿਆ ਗਿਆ ਤਾਂ ਡੀ ਐਨ ਏ ਵਿਚ ਰਸਾਇਣਕ ਤਬਦੀਲੀ ਹੋ ਗਈ। ਹੁਣ ਤਕ ਇਹੀ ਧਾਰਨਾ ਪਾਈ ਜਾਂਦੀ ਸੀ ਕਿ ਥੋੜ੍ਹੀ ਸ਼ਰਾਬ ਪੀਣ ਨਾਲ ਕੈਂਸਰ ਨਹੀਂ ਹੁੰਦਾ, ਪਰ ਹੁਣ ਇਹ ਗੱਲ ਸਿੱਧ ਹੋ ਗਈ ਹੈ ਕਿ ਥੋੜ੍ਹੀ ਸ਼ਰਾਬ ਵੀ ਕੈਂਸਰ ਦਾ ਕਾਰਨ ਬਣ ਸਕਦੀ ਹੈ। ਵਧੇਰੇ ਸ਼ਰਾਬ ਪੀਣ ਨਾਲ ਛਾਤੀ, ਜਿਗਰ ਅਤੇ ਮੂੰਹ ਦਾ ਟਿਊਮਰ ਹੋਣ ਦੇ ਮਾਮਲੇ ਵਧੇਰੇ ਪਾਏ ਗਏ ਹਨ।

ਉਧਰ ਸ਼ਰਾਬ ਸਨਅਤ ਦੀ ਵਕੀਲ ਕੁਮਾਰੀ ਮਿਸ਼ਲੈਵ ਦਾ ਕਹਿਣਾ ਹੈ ਕਿ ਜਾਨਵਰਾਂ ਤੇ ਜਿੰਨੇ ਵੀ ਤਜਰਬੇ ਹੋਏ ਹਨ, ਉਨ੍ਹਾਂ ਤੋਂ ਇਹ ਨਹੀਂ ਲਗਦਾ ਕਿ ਸ਼ਰਾਬ ਨਾਲ ਕੈਂਸਰ ਹੋ ਸਕਦਾ ਹੈ।





ਤੁਹਾਨੂੰ ਜਾਨਣ ਦਾ ਹੱਕ ਹੈ

ਜਦੋਂ ਵੀ ਤੁਸੀਂ ਕਰਜ਼ਾ ਲੈਂਦੇ ਹੋ ਤਾਂ ਵਿਆਜ ਦੇ ਦਰ ਅਤੇ ਸੇਵਾਵਾਂ ਦੀ ਫੀਸ ਦੀ ਚੰਗੀ ਤਰ੍ਹਾਂ ਪੜਤਾਲ ਕਰੋ।

ਦਰਾਂ ਵਿਚ ਬਹੁਤ ਫ਼ਰਕ ਹੁੰਦਾ ਹੈ ਅਤੇ ਵਿਆਜ ਤੇ ਸੇਵਾਵਾਂ ਮਿਥਣ ਦੇ ਢੰਗ ਵੱਖ ਵੱਖ ਅਦਾਰਿਆਂ ਵਲੋਂ ਵੱਖਰੇ ਹੁੰਦੇ ਹਨ।

ਇਹ ਤੁਹਾਡਾ ਹੱਕ ਹੈ — ਅਤੇ ਤੁਹਾਡੇ ਫ਼ਾਇਦੇ ਵਿਚ ਵੀ ਹੈ — ਕਿ ਲਏ ਗਏ ਕਰਜ਼ੇ ਉਤੇ ਤੁਹਾਨੂੰ ਕਿੰਨਾ ਖਰਚ ਪੈ ਰਿਹਾ ਹੈ। ਤੁਹਾਨੂੰ ਹਮੇਸ਼ਾਂ ਇਨ੍ਹਾਂ ਚੀਜ਼ਾਂ ਦਾ ਧਿਆਨ ਨਾਲ ਮੁਕਾਬਲਾ ਕਰਨਾ ਚਾਹੀਦਾ ਹੈ:

- ਵਿਆਜ ਦਰ ਕਿੰਨਾਂ ਹੈ
- ਵਿਆਜ ਦੇਣ ਤੋਂ ਪਹਿਲਾਂ ਪੂਰਾ ਕਰਜ਼ਾ ਮੋੜਨ ਲਈ ਤੁਹਾਨੂੰ ਕਿੰਨਾ ਸਮਾਂ ਦਿੱਤਾ ਗਿਆ ਹੈ।
- ਵਿਆਜ-ਦਰ ਕਿਵੇਂ ਮਿਥੇ ਗਏ ਹਨ
- ਗੈਰ-ਵਿਆਜੀ ਖਰਚ ਕੀ ਹਨ ਜਿਵੇਂ ਸੌਦਾ ਜਾਂ ਸੇਵਾਵਾਂ ਦੀ ਫੀਸ
- ਇਕ ਅਦਾਰੇ ਨਾਲੋਂ ਦੂਜਾ ਅਦਾਰਾ ਮੁਕਾਬਲੇ ਵਿਚ ਕੀ ਲਾਭ ਦਿੰਦਾ ਹੈ।

Consumer and Corporate Affairs Canada | Consommation et Corporations Canada

Canada

# ਮੋਅ ਸਹੋਤਾ ਵਲੋਂ ਸਪੱਸ਼ਟੀਕਰਨ

(ਕੁਝ ਸਮਾਂ ਪਹਿਲਾਂ ਵੈਨਕੂਵਰ ਦੇ ਇਕ ਖਾਲਿਸਤਾਨੀ ਅਖਬਾਰ ਨੇ ਮੋਅ ਸਹੋਤਾ ਦੀ ਇਕ ਮੁਲਾਕਾਤ ਛਾਪੀ ਸੀ ਜਿਸ ਵਿਚ ਉਜੱਲ ਦੁਸਾਂਝ ਹੋਰਾਂ ਬਾਰੇ ਕੁਝ ਨੁਕਤੇ ਛਾਪੇ ਗਏ ਸਨ ਜੋ ਮੋਅ ਸਹੋਤਾ ਅਨੁਸਾਰ ਉਨ੍ਹਾਂ ਦੇ ਨਾਂ ਨਾਲ ਜੋੜ ਦਿਤੇ ਗਏ ਸਨ ਹੇਠਾਂ ਲਿਖਿਆ ਪੱਤਰ ਮੋਅ ਸਹੋਤਾ ਨੇ ਉਜੱਲ ਦੁਸਾਂਝ ਹੋਰਾਂ ਨੂੰ ਲਿਖਿਆ ਹੈ ਤਾਂਕਿ ਖਾਲਿਸਤਾਨੀ ਅਖਬਾਰ ਵਲੋਂ ਪਾਈ ਗਈ ਗਲਤ ਫ਼ਹਿਮੀ ਦੂਰ ਕੀਤੀ ਜਾ ਸਕੇ। ਮੋਅ ਸਹੋਤਾ ਐਨ. ਡੀ. ਪੀ. ਪਾਰਟੀ ਨਾਲ ਸਬੰਧਤ ਹਨ ਅਤੇ ਉਜੱਲ ਦੁਸਾਂਝ ਲੰਮੇ ਸਮੇਂ ਤੋਂ ਹੀ ਇਸ ਪਾਰਟੀ ਨਾਲ ਜੁੜੇ ਹੋਏ ਹਨ। — ਸੰਪਾਦਕ)

May 26, 1988

Mr. Ujjal Dosanjh,
Dosanjh & Pirani,
Barristers & Solicitors,
202—5887 Victoria Drive,
VANCOUVER, British Columbia
V5P 3W5

Dear Ujjal,

I am writing with reference to your letter to Mike Harcourt dated March 17, 1988.

I wrote to the newspaper in question on December 11, 1987 which was sent to the newspaper in my absence as I was on holidays at the time. However, I thought it was important given our conversation that you expressed some concerns about comments which were clearly not made by me.

Once again to reiterate that at no point do I ever recall indicating that your position was in any way hypocritical. My point was always that the position of the NDP is reflected by our leader and not by anybody else on these types of matters. In addition, if I made any comment about your attitude viz-a-viz that of the Social Credit party I simply do not recollect them. I have had the opportunity of discussing this issue with Herb Dhaliwal who was in the room and sitting adjacent to me when these comments were made and his view of it is the same.

Obviously it is impossible for me to publish any retractions as that is the purview of the paper. However, I do feel that I have an obligation to clarify the record for you and I trust this letter will suffice.

Should you still feel that the matter has not been resolved then perhaps we should meet at the earliest opportunity to discuss it further.

Yours very truly
Moe Sihota, ,MLA

c.c. Mr. Mike Harcourt,


# ਪਹਿਲੀ ਵਾਰ ਵੈਨਕੂਵਰ ਵਿਚ ਇੰਡੋ-ਕੈਨੇਡੀਅਨ ਫਰੈਂਡਸ਼ਿਪ ਸੁਸਾਇਟੀ ਵਲੋਂ

# ਕੈਨੇਡਾ-ਦਿਨ

# ਪਹਿਲੀ ਜੁਲਾਈ, 1988 ਨੂੰ ਵੱਡੇ ਪੱਧਰ ਉਤੇ ਮਨਾਇਆ ਜਾ ਰਿਹਾ ਹੈ

ਇਸ ਸਮਾਗਮ ਵਿਚ ਫੈਡਰਲ ਮਨਿਸਟਰ, ਬੀ. ਸੀ. ਦੇ ਮਨਿਸਟਰ ਤੇ ਅਸੈਂਬਲੀ ਮੈਂਬਰ ਅਤੇ ਕੌਂਸਲਾਂ ਦੇ ਮੇਅਰ ਵੀ ਸ਼ਾਮਲ ਹੋਣਗੇ।

**ਕਲਚਰਲ ਪ੍ਰੋਗਰਾਮ** ਵੀ ਵਧੀਆ ਪੱਧਰ ਦਾ ਪੇਸ਼ ਕੀਤਾ ਜਾ ਰਿਹਾ ਹੈ

ਸਥਾਨ :

**ਹੈਲਿਨਕ ਕਮਿਊਨਿਟੀ ਸੈਂਟਰ (Hellenic Community Centre)**
**4500 Arbutus St., Vancouver, B.C.**

**ਦਾਖਲਾ ਟਿਕਟਾਂ ਨਾਲ ਹੋਵੇਗਾ**
**ਟਿਕਟ ਦੀ ਕੀਮਤ 25 ਡਾਲਰ ਹੈ**
(ਦਾਖਲੇ ਦੇ ਹੱਕ ਰਾਖਵੇਂ ਹਨ)

ਹੋਰ ਜਾਣਕਾਰੀ ਲਈ ਫ਼ੋਨ ਕਰੋ :

**ਸੁਦੇਸ਼ ਕਾਲੀਆ — 254-5837**


# ਕੀ ਸਾਨੂੰ ਵਕੀਲ ਦੀ ਲੋੜ ਹੈ ?

— ਰਿਚਰਡ ਏ. ਫੇਅਰਮੈਨ —

(ਮਿ. ਫੇਅਰਮੈਨ ਵਕੀਲਾਂ ਦੀ ਫ਼ਰਮ ਸੀਬਰਗ-ਓਲਸਨ, ਪੋਲਸਨ ਐਂਡ ਕੰਪਨੀ ਨਾਲ ਪ੍ਰੈਕਟਿਸ ਕਰਦੇ ਹਨ ਅਤੇ ਉਨ੍ਹਾਂ ਦਾ ਖੇਤਰ ਜਨਰਲ ਸਿਵਲ ਮੁਕਦਮੇ ਲੜਨ ਦਾ ਹੈ। "ਕੈਨੇਡਾ ਦਰਪਣ" ਦੀ ਬੇਨਤੀ ਉਤੇ ਉਨ੍ਹਾਂ ਸਾਡੇ ਪਾਠਕਾਂ ਲਈ ਕਾਨੂੰਨੀ ਮਸਲਿਆਂ ਬਾਰੇ ਲਿਖਣਾ ਮੰਨ ਲਿਆ ਹੈ। "ਕੈਨੇਡਾ ਦਰਪਣ" ਦੇ ਪਾਠਕ ਕਾਨੂੰਨ ਦੇ ਕਿਸੇ ਵੀ ਖੇਤਰ ਬਾਰੇ ਸਵਾਲ ਸਾਨੂੰ ਭੇਜ ਸਕਦੇ ਹਨ, ਮਿ: ਫੇਅਰਮੈਨ ਉਨ੍ਹਾਂ ਸਵਾਲਾਂ ਦੇ ਜਵਾਬ ਤੁਹਾਨੂੰ 'ਕੈਨੇਡਾ ਦਰਪਣ' ਰਾਹੀਂ ਦੇਣਗੇ। ਸਵਾਲ "ਕੈਨੇਡਾ ਦਰਪਣ" ਦੇ ਇਸ ਪਤੇ 'ਤੇ ਭੇਜੋ — RAF C/o The Canada Darpan, Box 265, SURREY, B.C. V3T 4W8 — ਸੰਪਾਦਕ )

ਜੇ ਤੁਸੀਂ ਸਰਵੇ ਕਰਕੇ ਦੇਖੋ, ਤਾਂ ਤੁਹਾਨੂੰ ਹੈਰਾਨੀ ਹੋਵੇਗੀ ਕਿ ਕਿੰਨੇ ਥੋੜ੍ਹੇ ਲੋਕ ਹਨ ਜਿਨ੍ਹਾਂ ਨੇ ਅਸਲ ਵਿਚ ਆਪਣੀ ਮੱਦਦ ਲਈ ਵਕੀਲ ਰੱਖੇ ਹੋਏ ਹਨ। ਇਹ ਇੰਝ ਕਿਉਂ ਹੈ ? ਆਪਣੇ ਸਰਵੇ ਦੇ ਹਿੱਸੇ ਵਜੋਂ, ਤੁਸੀਂ ਲੋਕਾਂ ਨੂੰ ਇਹ ਵੀ ਪੁਛਣਾ ਚਾਹੋਗੇ ਕਿ ਕਿਨ੍ਹਾਂ ਹਾਲਾਤਾਂ ਵਿਚ ਉਹ ਵਕੀਲ ਕੋਲ ਜਾਣਗੇ ? ਸ਼ਾਇਦ ਤੁਹਾਨੂੰ ਇਹ ਵੀ ਪਤਾ ਲੱਗੇ ਕਿ ਬਹੁਤੇ ਲੋਕ ਏਹੋ ਜਵਾਬ ਦੇਣਗੇ ਕਿ ਉਹ ਵਕੀਲ ਕੋਲ ਉਸ ਸਮੇਂ ਜਾਣਗੇ ਜਦੋਂ 'ਮੁਸ਼ਕਲ ਵਿਚ' ਫਸੇ ਹੋਣ ਉਸੇ ਤਰ੍ਹਾਂ ਜਿਵੇਂ ਇਕ ਵਿਅਕਤੀ ਉਸ ਵੇਲੇ ਦੰਦ-ਸਾਜ਼ ਕੋਲ ਜਾਂਦਾ ਹੈ ਜਦੋਂ ਦੰਦਾਂ ਵਿਚ ਦਰਦ ਹੁੰਦਾ ਹੋਵੇ। ਮੁਸ਼ਕਲ ਇਹ ਹੈ ਕਿ ਅਕਸਰ ਅਸੀਂ ਇਹ ਨਹੀਂ ਸਮਝਦੇ ਸਾਡੀਆਂ ਜ਼ਾਤੀ ਮੁਸੀਬਤਾਂ ਬਹੁਤੀ ਵਾਰ ਕਾਨੂੰਨੀ ਮੁਸੀਬਤਾਂ ਹੁੰਦੀਆਂ ਹਨ ਜਿਨ੍ਹਾਂ ਵਿਚ ਵਕੀਲ ਦੀ ਸਹਾਇਤਾ ਲੈਣੀ ਜ਼ਰੂਰੀ ਹੋ ਜਾਂਦੀ ਹੈ। ਉਦਾਹਰਣ ਦੇ ਤੌਰ ਉਤੇ ਤੁਹਾਡਾ ਕਾਰ ਐਕਸੀਡੈਂਟ ਹੋ ਜਾਂਦਾ ਹੈ ਅਤੇ ਤੁਹਾਡੇ ਸੱਟਾਂ ਵੱਜਦੀਆਂ ਹਨ, ਆਈ. ਸੀ. ਬੀ. ਸੀ. ਤੁਹਾਨੂੰ ਫੈਸਲੇ ਲਈ ਆਫਰ ਦਿੰਦੀ ਹੈ ਪਰ ਤੁਸੀਂ ਆਪਣੀ ਲੰਮੇ-ਸਮੇਂ ਦੀਆਂ ਡਾਕਟਰੀ ਲੋੜਾਂ ਦਾ ਕੀ ਕਰੋਗੇ, ਆਪਣੀ ਆਮਦਨ ਦੇ ਘਾਟੇ ਬਾਰੇ ਕੀ ਸੋਚੋਗੇ, ਜਾਂ ਜੇ ਐਕਸੀਡੈਂਟ ਸਮੇਂ ਅੰਸ਼ਕ ਤੌਰ ਉਤੇ ਤੁਹਾਡਾ ਵੀ ਕਸੂਰ ਹੋਵੇ ਤਾਂ ਕੀ ਕਰੋਗੇ ? ਜੇ ਤੁਸੀਂ ਅਤੇ ਤੁਹਾਡਾ ਸਾਥੀ ਜਾਂ ਸਾਥਣ ਨੇ ਅੱਡ ਅੱਡ ਰਹਿਣ ਦਾ ਫੈਸਲਾ ਕਰ ਲਿਆ ਹੈ, ਬੱਚਿਆਂ ਦੀ ਸੰਭਾਲ ਦਾ ਕੀ ਹੋਵੇਗਾ, ਘਰ ਦੀ ਕਿਸ਼ਤਾਂ ਜਾਂ ਇਨਕਮ ਟੈਕਸ ਮੁਸ਼ਕਲਾਂ ਦਾ ਕੀ ਬਣੇਗਾ? ਜਾਂ ਜੇ ਤੁਸੀਂ ਵਪਾਰ ਕਰਦੇ ਹੋ ਅਤੇ ਜਿਨ੍ਹਾਂ ਨੂੰ ਚੀਜ਼ਾਂ ਦੀ ਸਪਲਾਈ ਜਾਂ ਸੇਵਾਵਾਂ ਦਿੰਦੇ ਹੋ ਉਨ੍ਹਾਂ ਕੋਲੋਂ ਛੇਤੀ ਪੈਸੇ ਕਿਵੇਂ ਲੈਣੇ ਹਨ, ਰੀ-ਪੇਮਿੰਟ ਦੀਆਂ ਕੀ ਸ਼ਰਤਾਂ ਹਨ, ਤੁਹਾਡੀ ਕੀ ਸਕਿਉਰਿਟੀ ਹੈ ਜਾਂ ਤੁਸੀਂ ਕਿਵੇਂ ਉਸ ਸਕਿਉਰਿਟੀ ਨੂੰ ਲਾਗੂ ਕਰਨਾ ਹੈ ?

ਉਪਰੋਕਤ ਤਿੰਨ ਉਦਾਹਰਣਾਂ ਤੋਂ ਹੀ ਤੁਸੀਂ ਵੇਖ ਸਕਦੇ ਹੋ, ਕਿ ਕਾਨੂੰਨ ਕਿਸ ਤਰ੍ਹਾਂ ਸਾਡੇ ਰੋਜ਼ਾਨਾ ਜੀਵਨ ਉਤੇ ਵੱਖ ਵੱਖ ਢੰਗਾਂ ਰਾਹੀਂ ਅਸਰ ਪਾਉਂਦਾ ਹੈ। ਜਦੋਂ ਆਪ ਦੰਦ-ਸਾਜ਼ ਦੀ ਗੱਲ ਕਰਦੇ ਹਾਂ, ਜਿਵੇਂ ਆਪਾਂ ਨਿਯਮਿਤ ਰੂਪ ਵਿਚ ਦੰਦਾਂ ਦੀ ਸਫਾਈ ਲਈ ਉਸ ਕੋਲ ਜਾਂਦੇ ਹਾਂ, ਤਾਂਕਿ ਦੰਦਾਂ ਨੂੰ ਦੁਖਣ ਤੋਂ ਬਚਾਇਆ ਜਾ ਸਕੇ, ਏਸੇ ਤਰ੍ਹਾਂ ਤੁਸੀਂ ਆਪਣੇ ਵਕੀਲ ਨਾਲ ਲਗਾਤਾਰ ਸਲਾਹ ਮਸ਼ਵਰਾ ਕਰ ਸਕਦੇ ਹੋ ਜਿਹੜਾ ਤੁਹਾਡੇ ਰੋਜ਼ਾਨਾ ਜ਼ਿੰਦਗੀ ਦੇ ਮਸਲਿਆਂ ਨੂੰ ਸੁਲਝਾ ਸਕਦਾ ਹੈ, ਨਹੀਂ ਤਾਂ ਇਹ ਮਸਲੇ ਕਚਹਿਰੀ ਤੱਕ ਅੰਤ ਨੂੰ ਜਾ ਪੁਜਦੇ ਹਨ।

ਤੁਹਾਡੇ ਵਿਚੋਂ ਬਹੁਤਿਆਂ ਦਾ ਫੈਮਿਲੀ ਡਾਕਟਰ ਹੈ — ਜਦੋਂ ਵੀ ਕੋਈ ਡਾਕਟਰੀ ਮੁਸ਼ਕਲ ਆਉਂਦੀ ਹੈ ਤਾਂ ਸ਼ਾਇਦ ਪਹਿਲਾਂ ਤੁਸੀਂ ਉਸੇ ਦਾ ਸਲਾਹ ਮਸ਼ਵਰਾ ਲੈਂਦੇ ਹੋ। ਤੁਸੀਂ ਏਸੇ ਕਾਰਨ ਫੈਮਿਲੀ ਡਾਕਟਰ ਰਖਦੇ ਹੋ ਕਿਉਂਕਿ ਤੁਹਾਨੂੰ ਅਜਿਹੇ ਡਾਕਟਰ ਦੀ ਲੋੜ ਹੈ ਜਿਸਨੂੰ ਤੁਹਾਡੇ ਪਿਛੋਕੜ ਦਾ ਪਤਾ ਹੋਵੇਗਾ, ਜਿਸ ਨਾਲ ਤੁਸੀਂ ਖੁਲ੍ਹ ਕੇ ਗੱਲ ਕਰ ਸਕਦੇ ਹੋ, ਜਿਸ ਉਪਰ ਤੁਸੀਂ ਆਪਣੀਆਂ ਲੋੜਾਂ ਲਈ ਭਰੋਸਾ ਕਰ ਸਕਦੇ ਹੋ। ਅਸੀਂ ਪ੍ਰੀਵਾਰਕ ਵਕੀਲ ਕਿਉਂ ਨਹੀਂ ਰੱਖ ਸਕਦੇ ? ਕੀ ਪ੍ਰੀਵਾਰਕ ਡਾਕਟਰ ਵਾਂਗ ਪ੍ਰੀਵਾਰਕ ਵਕੀਲ ਦੀ ਵੀ ਲੋੜ ਨਹੀਂ ?

ਮੇਰੀ ਰਾਇ ਹੈ ਕਿ ਬਹੁਤੇ ਲੋਕ ਏਸ ਕਾਰਨ ਆਪਣਾ ਵਕੀਲ ਜਾਂ ਕਾਨੂੰਨੀ ਸੇਵਾਵਾਂ ਦੀ ਵਰਤੋਂ ਨਹੀਂ ਕਰਦੇ ਕਿਉਂਕਿ ਬਹੁਤੇ ਲੋਕਾਂ ਨੂੰ ਇਸ ਗੱਲ ਦਾ ਪਤਾ ਨਹੀਂ ਕਿ ਵਕੀਲ ਲੋਕਾਂ ਨੂੰ ਕੀ ਸੇਵਾਵਾਂ ਦੇ ਸਕਦੇ ਹਨ। ਅਕਸਰ, ਕੇਵਲ ਵਕੀਲ ਹੀ ਇਹ ਦੱਸ ਸਕਦਾ ਹੈ ਕਿ ਤੁਹਾਨੂੰ ਕਾਨੂੰਨੀ ਮੁਸ਼ਕਲ ਹੈ ਜਾਂ ਨਹੀਂ। ਜੇ ਹੈ ਤਾਂ ਕਿਵੇਂ ਹੱਲ ਕਰਨੀ ਹੈ। ਇਸ ਪ੍ਰਕਰਣ ਵਿਚ ਪੁਰਾਣਾ ਮੁਹਾਵਰਾ ਹੈ 'ਇਲਾਜ ਨਾਲੋਂ ਪ੍ਰਹੇਜ਼ ਚੰਗਾ' — ਏਥੇ ਢੁੱਕਦਾ ਹੈ।*

* ਉਪਰੋਕਤ ਵਿਚਾਰ ਲੇਖਕ ਦੇ ਆਪਣੇ ਹਨ। ਇਹ ਕੋਈ ਕਾਨੂੰਨੀ ਸਲਾਹ ਨਹੀਂ। ਇਨ੍ਹਾਂ ਵਿਚਾਰਾਂ ਨੂੰ ਕਿਤੇ ਛਾਪਣਾ, ਨਕਲ ਕਰਨਾ ਜਾਂ ਕਿਸੇ ਦਸਤਾਵੇਜ਼ ਵਿਚ ਛਾਪਣ ਦੀ ਆਗਿਆ ਨਹੀਂ ਜਿਨ੍ਹਾਂ ਚਿਰ ਲੇਖਕ ਤੋਂ ਆਗਿਆ ਨਾ ਲਈ ਜਾਵੇ।


**Syberg-Olsen, Poulsen & Co.**
**Barristers & Solicitors**
**Ph. (604)681-0123**
1800—999 W. Hastings St.
Vancouver, B.C. V6C 2W2
CONTACT: **Richard Fayerman**

# ਸ਼ਾਨ ਸਾੜ੍ਹੀਜ਼ ਐਂਡ ਡਰੇਪਰੀ

ਵਲੋਂ

# 18ਵੀਂ ਐਨੀਵਰਸਰੀ ਸੇਲ



ਮੈਨੂੰ 28 ਮਈ ਦਿਨ ਸਨਿਚਰਵਾਰ ਤੋਂ ਪੰਜਾਬੀ ਮਾਰਕਿਟ ਵਿਚ ਆਪਣੇ ਵਪਾਰ ਦੀ 18ਵੀਂ ਐਨੀਵਰਸਰੀ ਦਾ ਐਲਾਨ ਕਰਦੇ ਹੋਏ ਖੁਸ਼ੀ ਮਹਿਸੂਸ ਹੋ ਰਹੀ ਹੈ। ਪਿਛਲੇ ਅਠਾਰਾਂ ਸਾਲਾਂ ਵਿਚ ਸਾਨੂੰ ਸਭ ਸਹਿਯੋਗੀਆਂ ਵਲੋਂ ਬਹੁਤ ਨਿੱਘਾ ਸਾਥ ਮਿਲਿਆ ਹੈ ਅਤੇ ਪੰਜਾਬੀ ਮਾਰਕਿਟ ਨੇ ਵੀ ਬੇਹੱਦ ਉਨੱਤੀ ਕੀਤੀ ਹੈ। ਤੁਹਾਡੀ ਸਹਿਯੋਗਤਾ ਲਈ ਅਸੀਂ ਰਿਣੀ ਹਾਂ ਅਤੇ ਇਸ ਅਠਾਰ੍ਹਵੀਂ ਐਨੀਵਰਸਰੀ ਦੇ ਸਮੇਂ ਸਾਡੇ ਸਟੋਰ ਤੇ ਲੱਗੀ ਸੇਲ ਦਾ ਲਾਭ ਉਠਾਉਣ ਲਈ ਸੱਦਾ ਦਿੰਦੇ ਹਾਂ।

ਜੇ ਅਸੀਂ ਕਿਸੇ ਸੇਵਾਂ ਤੋਂ ਅਸਮਰਥ ਵੀ ਹੋਵਾਂਗੇ ਤਾਂ ਤੁਸੀਂ ਪੰਜਾਬੀ ਮਾਰਕਿਟ ਦੇ ਹੋਰ ਸਟੋਰਾਂ ਤੋਂ ਆਪਣੀਆਂ ਲੋੜਾਂ ਪੂਰੀਆਂ ਕਰ ਸਕਦੇ ਹੋ। ਸਾਡੀ ਐਨੀਵਰਸਰੀ ਪੰਜਾਬੀ ਮਾਰਕਿਟ ਦਾ ਜਨਮ ਦਿਨ ਗਿਣਿਆ ਜਾਂਦਾ ਹੈ ਕਿਉਂਕਿ ਸਾਡਾ ਸਟੋਰ ਪੰਜਾਬੀ ਮਾਰਕਿਟ ਦਾ ਸਭ ਤੋਂ ਪਹਿਲਾ ਸਟੋਰ ਹੈ, ਜਿਸ ਦੀ ਸ਼ੁਰੂਆਤ 31 ਮਈ 1970 ਨੂੰ ਹੋਈ ਸੀ।

- ਸੁੱਚਾ ਸਿੰਘ ਕਲੇਰ

# ਕੀਮਤਾਂ ਵਿਚ ਕਟੌਤੀ

**ਪਲੇਨ ਸਿਲਕ** PLAIN SILK
REG. $12.00 .......... **NOW $7.99 YD.**

**ਸਿਲਕ ਦੀ ਕਢਾਈ ਵਾਲੇ ਸੂਟ**
(SILK EMBROIDED SUIT)
REG. $295 .......... **NOW $175**

**ਪੈਲਸ ਯਕਾਰਡ**
REG. $7.00 ਤੱਕ .......... **NOW $3.50 YD.**

**ਪਲੇਨ 6½ ਗਜ਼ ਸਿਲਕ ਸਾੜ੍ਹੀਆਂ**
(PLAIN SAREES) — 6½ YD. **NOW 2 FOR $59.99**

**ਪਲੇਨ (118″ Wide) ਜਾਲੀ**
(IVORY & CHAMP)
REG. $9.00 .......... **NOW $4.50 YD.**

**ਬੁਕਲੇ ਸ਼ੀਅਰ**
(118″ WIDE)
REG. $25.00 .......... **NOW $9.99 YD.**

**ਪੌਲਿਸਟਰ ਪ੍ਰਿੰਟ ਸੂਟ**
POLYESTER PRINT SUIT)
4 YDS. .......... **$6.99 to $45**

**ਸਿਲਕ ਦੀਆਂ ਸਾੜ੍ਹੀਆਂ**
SILK SAREES **20-50% OFF**

ਉਪਰੋਕਤ ਤਾਂ ਕੁਝ ਉਦਾਹਰਨਾਂ ਹੀ ਹਨ, ਬਾਕੀ ਆ ਕੇ ਦੇਖੋ।

ਸੇਲ ਕੀਮਤਾਂ ਸਮਾਨ ਦੇ ਖਤਮ ਹੋਣ ਤੱਕ ਹੀ ਹਨ



"COME & SAVE"

**BIG MAC ਮੁਫਤ***



ਸਾਡੀ ਇਸ ਸਾਲਾਨਾ ਸੇਲ ਵਿਚ ਆ ਕੇ ਹਰ ਵੀਹ ਡਾਲਰ ਦੀ ਖਰੀਦ ਕਰਨ ਵਾਲੇ ਨੂੰ MacDonald ਕੰਪਨੀ ਨੇ BIG MAC ਦਾ ਕੂਪਨ ਮੁਫਤ ਦਿੱਤਾ ਜਾਵੇਗਾ। ਜਿਸ ਦਾ ਸੁਆਦ 445 ਮੇਨ ਸਟਰੀਟ ਅਤੇ 5907 ਫਰੇਜ਼ਰ ਸਟਰੀਟ ਵਾਲੇ ਮੈਕਡਾਨਲਡ ਤੇ ਤੁਸੀਂ ਮਾਣ ਸਕਦੇ ਹੋ। ਕੂਪਨ 28 ਮਈ ਤੋਂ 12 ਜੂਨ ਤੱਕ ਹੀ ਮਿਲ ਸਕਣਗੇ।

# COME & SAVE

## UP TO 55% ON

ABBEY WINDOW COVERINGS

PRODUCTS



**VERTICAL BLINDS:**
Total light control - energy efficient - and totally beautiful vertical blinds. They're as elegant as formal draperies and come in hundreds of colors, patterns and textures. They can even be customized with your own fabric or wallcovering! And right now, during this special sale, they're an even better value than ever!



**BLIND LOVE**
Contemporary or traditional — fashion colors, metallics, prints or rich wood grains — you'll fall in love with all the decorating possibilities of one-inch mini or half-inch micro window blinds. And their energy saving practicality and attractive sale price will keep your love growing in the years to come.

# SHAN SAREES & DRAPERY LTD.

6543 MAIN ST., VANCOUVER, B.C. **Ph. 321-1955 OR 321-0847**

# ANNOUNCEMENT

## WE ARE OPEN AGAIN
## SAME LOCATION

NEW! THE SHORT TERM HALF NOW, HALF LATER POLICY. Autoplan



ਪ੍ਰਿਤਪਾਲ ਸਿੰਘ ਨਰਵਾਲ

# ਨਰਵਾਲ ਇਨਸ਼ੋਰੈਂਸ ਸਰਵਿਸਜ਼ ਲਿ:



ਜਸਬਰ ਕੌਰ ਨਰਵਾਲ
B.A. (U.B.C.) A.I.B. I & II

## MURRICK INSURANCE SERVICES LTD.

## ਪ੍ਰਿਤਪਾਲ ਸਿੰਘ ਨਰਵਾਲ

ਨੋਟਰੀ ਪਬਲਿਕ
ਬੀ. ਏ. (ਪੰਜਾਬ) ਐਲ ਐਲ. ਬੀ., (ਹਰਿਆਣਾ)
ਸਾਬਕਾ ਐਡਵੋਕੇਟ ਤੇ ਓਥ ਕਮਿਸ਼ਨਰ
ਹੇਠ ਲਿਖੇ ਕੰਮ ਤਸੱਲੀਬਖਸ਼ ਕੀਤੇ ਜਾਂਦੇ ਹਨ:

- ਘਰ ਵੇਚਣ ਤੇ ਖਰੀਦਣ ਦੇ ਕਾਗਜ਼ ਤਿਆਰ ਕਰਨੇ
- ਮੌਡਗੇਜ਼ ਸੰਬੰਧੀ ਹਰ ਤਰ੍ਹਾਂ ਦੇ ਕਾਗਜ਼ ਤਿਆਰ ਕਰਨੇ
- ਹਲਫੀਆ ਬਿਆਨ ਲੈਣੇ
- ਪਾਸਪੋਰਟ ਜਾਂ ਫੋਟੋ ਅਟੈਸਟ ਕਰਨੀਆਂ
- ਕਮਰਸ਼ੀਅਲ ਕਨਟਰੈਕਟ ਬਣ ਉਣੇ ਮੁਖਤਿਆਰਨਾਮੇ ਤਿਆਰ ਕਰਨੇ
- ਵਸੀਅਤ ਆਦਿ • ਲੀਜ਼ ਦੇ ਕਾਗਜ਼ ਬਣਾਉਣੇ
- ਇੰਡੀਆ ਦੇ ਕਾਨੂੰਨ ਬਾਰੇ ਜਾਣਕਾਰੀ ਤੇ ਸਲਾਹ
- ਬੱਚੇ ਅਡਾਪਟ (ਗੋਦ ਲੈਣਾ) ਕਰਨਾ

## ਨਰਵਾਲ ਇਨਸ਼ੋਰੈਂਸ ਸਰਵਿਸਜ਼ ਲਿਮਿਟਿਡ

MURRICK INSURANCE SERVICES LTD.

- ਘਰਾਂ ਦੀ ਇਨਸ਼ੋਰੈਂਸ
- ਬਿਜਨਸ ਦੀ ਇਨਸ਼ੋਰੈਂਸ
- ਕਮਰਸ਼ੀਅਲ ਇਨਸ਼ੋਰੈਂਸ
- ਵਿਜ਼ਟਰ ਇਨਸ਼ੋਰੈਂਸ
- ਲਾਈਫ ਇਨਸ਼ੋਰੈਂਸ
- ਐਕਸੀਡੈਂਟ ਤੇ ਸਿਕਨਸ
- ਕਾਰਾਂ, ਟਰੱਕਾਂ ਤੇ ਵੈਨਾਂ ਆਦਿ ਦੀ ਇਨਸ਼ੋਰੈਂਸ

**FAST SERVICE**

**OPEN**
9 A.M. TO 5 P.M. (MON. TO FRI.)
SAT. 10 A.M. TO 3 P.M.

## • ਖੁਸ਼ਖਬਰੀ •



Autoplan
1988 INSURANCE AND LICENCE

1. ਸਾਨੂੰ ਘਰਾਂ ਦੀ ਇਨਸ਼ੋਰੈਂਸ, ਕਮਰਸ਼ੀਅਲ ਇਨਸ਼ੋਰੈਂਸ ਤੇ ਲਾਈਫ ਇਨਸ਼ੋਰੈਂਸ ਲਿਖਣ ਲਈ ਦਸ ਕੰਪਨੀਆਂ ਦੀ ਹਿਮਾਇਤ ਹਾਸਲ ਹੈ
2. ਆਪਣੇ ਘਰ ਦੀ ਇਨਸੋਰੈਂਸ ਜਾਂ ਕਿਸੇ ਕਿਸਮ ਦੀ ਇਨਸ਼ੋਰੈਂਸ ਕਰਵਾਉਣ ਲਈ ਸਾਨੂੰ ਪਹਿਲਾਂ ਫੋਨ ਕਰੋ ਤੇ ਰੇਟ ਚੈਕ ਕਰੋ।
3. ਜੋ ਇਨਸ਼ੋਰੈਂਸ ਅਸੀਂ ਪਹਿਲਾਂ ਆਪਦੇ ਘਰ ਦੀ ਜਾਂ ਕਾਰ ਦੀ ਲਿਖ ਚੁੱਕੇ ਹਾਂ, ਉਹ ਛੇਤੀ ਤੋਂ ਛੇਤੀ ਸਾਡੇ ਹੇਠ ਲਿਖੇ ਫੋਨ ਤੇ ਸੰਪਰਕ ਕਰੋ।
4. ਆਪ ਸਾਡੇ ਦਫਤਰ ਵਿਚ ਟਾਈਮ ਕੱਢ ਕੇ ਦਰਸ਼ਨ ਦਿਓ।

ਆਪਦੇ ਦਰਸ਼ਨ ਅਭਿਲਾਸ਼ੀ:

**OFF. 325-4744**
6415 MAIN ST. (at 48th., Ave.)
VANCOUVER, B.C.

**OFF. 325-4744**
6415 MAIN ST. (at 48th., AVE
VANCOUVER, B.C.



# ਸਾਹਿਤ ਤੇ ਕਲਾ



## ਕਹਾਣੀ

# ਓਹਦੇ ਬੋਲ ਪੁਗਾਉਣੇ

**ਯੁਵਰਾਜ ਰਤਨ**

ਕੋਈ ਦਸਾਂ ਸਾਲਾਂ ਮਗਰੋਂ ਜਸਬੀਰੋ ਆਪਣੇ ਬੱਚਿਆਂ ਸਮੇਤ ਕੈਨੇਡਾ ਤੋਂ ਪਿੰਡ ਆਈ ਸੀ। ਵਿਹੜੇ ਵਿਚ ਵੱਡੀਆਂ ਦੋ ਪੱਟੀਆਂ ਵਿਛਾਈਆਂ ਸਨ, ਜਿਨ੍ਹਾਂ ਉਤੇ ਪਿੰਡ 'ਚੋਂ ਆਈਆਂ ਤੀਵੀਆਂ ਜਸਬੀਰੋ ਨਾਲ ਕੁੰਦਨ ਸਿੰਘ ਦੀ ਅਚਾਨਕ ਮੌਤ ਉਤੇ ਅਫਸੋਸ ਕਰਨ ਬੈਠੀਆਂ ਸਨ। ਭਾਵੇਂ ਕੁੰਦਨ ਸਿੰਘ ਦੀ ਮੌਤ ਸਾਲ ਭਰ ਪਹਿਲਾਂ ਹੀ ਕੈਨੇਡਾ ਵਿਚ ਦਿਲ ਦਾ ਦੌਰਾ ਪੈਣ ਕਰਕੇ ਹੋ ਗਈ ਸੀ। ਪਰ ਪਿੰਡ ਵਾਲਿਆਂ ਨੇ ਤਾਂ ਅਫਸੋਸ ਓਦੋਂ ਹੀ ਕਰਨ ਆਉਣਾ ਸੀ, ਜਦੋਂ ਜਸਬੀਰੋ ਨੇ ਦੇਸ਼ ਵਾਪਸ ਪਰਤਣਾ ਸੀ।

ਕੁੰਦਨ ਸਿੰਘ ਪੰਜਾਹਵਿਆਂ ਵਿਚ ਕੈਨੇਡਾ ਆਇਆ ਸੀ। ਮਿਹਨਤੀ ਉਹ ਪੁਜਕੇ ਸੀ। ਕੰਮ ਉਸ ਨੂੰ ਲੱਕੜ ਦੀ ਮਿਲ ਵਿਚ ਮਿਲ ਗਿਆ ਸੀ। ਇਕੱਲਾ ਰਹਿਣ ਕਰਕੇ ਉਹ ਸੱਤੇ ਦਿਨ ਕੰਮ ਕਰਦਾ ਤੇ ਇਸ ਤੋਂ ਉਪਰੰਤ ਉਹ ਓਵਰ ਟਾਈਮ ਵੀ ਕਦੇ ਕਦਾਈਂ ਲਾ ਲੈਂਦਾ ਸੀ। ਫਾਲਤੂ ਖਰਚ ਕੋਈ ਨਹੀਂ ਸੀ। ਤਨਦੇਹੀ ਨਾਲ ਕੀਤੀ ਮਿਹਨਤ ਨਾਲ ਉਸ ਨੇ ਬੈਂਕ ਵਿਚ ਕਾਫੀ ਪੈਸਾ ਜਮ੍ਹਾ ਕਰ ਲਿਆ ਸੀ। ਪੰਜ ਸੱਤ ਸਾਲ ਦੱਬਕੇ ਮਜ਼ਦੂਰੀ ਕਰਨ ਮਗਰੋਂ ਹੁਣ ਉਹ ਦੇਸ਼ ਵਾਪਸ ਪਰਤ ਆਇਆ ਸੀ ਪਿੰਡ ਆ ਕੇ ਉਸ ਨੇ ਦਸ ਏਕੜ ਜ਼ਮੀਨ ਹੋਰ ਖਰੀਦ ਕੇ ਬਾਹੀ ਕਰਨੀ ਆਰੰਭ ਦਿੱਤੀ ਸੀ। ਟਰੈਕਟਰ ਵੀ ਨਵਾਂ ਖਰੀਦ ਲਿਆ ਸੀ। ਸੀਰੀ ਉਸ ਨੇ ਛੋਟੂ ਰਾਮਦਾਸੀਏ ਦਾ ਮੁੰਡਾ ਵੀਰਾ ਰੱਖ ਲਿਆ ਸੀ। ਕਬੱਡੀ ਦਾ ਖਿਡਾਰੀ ਹੋਣ ਕਰਕੇ ਉਹ ਵਾਹਵਾ ਭਰਵਾਂ ਜੁਆਨ ਸੀ। ਕੁੰਦਨ ਸਿੰਘ ਵੀ ਕਬੱਡੀ ਦਾ ਮੈਚ ਵੇਖਣੋਂ ਕੋਈ ਨਹੀਂ ਛੱਡਦਾ ਸੀ — ਠੰਡ ਉਤਰਦੇ ਹੀ ਘਿਓ ਦੀ ਪੀਪਾ ਵੀਰੇ ਨੂੰ ਲੈ ਦਿੰਦਾ ਸੀ — ਪਿੰਡ ਦੀ ਕਬੱਡੀ ਦੀ ਟੀਮ ਦੀ ਧਾਂਕ ਪਟੜੀ ਫੇਰ ਪੈ ਚੁੱਕੀ ਸੀ — ਕੁੰਦਨ ਸਿੰਘ ਹਮੇਸ਼ਾ ਵੀਰੇ ਨਾਲ ਮੈਚ ਵੇਖਣ ਜਾਂਦਾ ਸੀ।

ਕੁੰਦਨ ਸਿੰਘ ਦੀ ਪਹਿਲੀ ਘਰ ਵਾਲੀ ਉਸਦੇ ਕੈਨੇਡਾ ਜਾਣ ਤੋਂ ਪਹਿਲਾਂ ਹੀ ਗੁੱਝੀ ਬੀਮਾਰੀ ਕਰਕੇ ਮਰ ਗਈ ਸੀ। ਡਾਕਟਰਾਂ ਦੇ ਵਾਹ ਲਾਉਣ ਤੇ ਵੀ ਕੁੰਦਨ ਸਿੰਘ ਉਸ ਨੂੰ ਬਚਾ ਨਾ ਸਕਿਆ ਤੇ ਉਸਦੇ ਔਲਾਦ ਵੀ ਕੋਈ ਨਹੀਂ ਸੀ।

ਸਾਕ-ਸਰਬੰਧੀਆਂ ਦੇ ਜ਼ੋਰ ਪਾਉਣ ਤੇ ਕੁੰਦਨ ਸਿੰਘ ਨੇ ਦੋ-ਚਾਰ ਜਨੇਤੀ ਲੈ ਕੇ ਜਸਬੀਰੋ ਵਿਆਹ ਲਿਆਂਦੀ ਸੀ। ਵਿਆਹ ਦਾ ਬਹੁਤਾ ਅਡੰਬਰ ਨਹੀਂ ਰਚਿਆ ਸੀ। ਕੁੰਦਨ ਸਿੰਘ ਆਪ ਵੀ ਨਹੀਂ ਚਾਹੁੰਦਾ ਸੀ, ਜਿਸ ਨਾਲ ਪਿੰਡ ਵਿਚ ਫਾਲਤੂ ਦੀ ਦੰਦ-ਕਥਾ ਹੋਵੇ। ਪਰ ਫਿਰ ਵੀ ਖੁੰਡ-ਪਰਧਾਨਾਂ ਨੇ ਉਸ ਨੂੰ ਮਾਫ ਨਹੀਂ ਕੀਤਾ ਸੀ। "ਵੇਖੋ ਯਾਰੋ! ਕੁੰਦਨ ਸਿੰਘ ਤੂਤ ਦੀ ਛਿਟੀ ਵਰਗੀ ਰੰਨ ਵਿਆਹ ਲਿਆਇਆ ਹੈ ਦੁੱਧ ਵਰਗੀ ਚਿੱਟੀ ਹੈ। ਸੁਣਿਆ ਹੱਥ ਲਾਇਆਂ ਮੈਲੀ ਹੁੰਦੀ ਹੈ। ਇਹ ਬਾਈ! ਸਭ ਪੈਸੇ ਦੀਆਂ ਖੇਡਾਂ। ਉਹ ਚਾਹੇ ਤਾਂ ਦੋ ਰੰਨ੍ਹਾਂ ਘਰ ਰੱਖ ਸਕਦਾ ਹੈ। ਪੈਸਾ ਤਾਂ ਅੱਗ ਲਾਇਆਂ ਵੀ ਨਹੀਂ ਮੁੱਕਦਾ। ਨਾਲੇ ਕੁੰਦਨ ਸਿੰਘ ਨੇ ਜੱਗੋਂ ਤੇਰਵੀਂ ਥੋਹੜਾ ਕੀਤੀ ਹੈ। ਦੂਜਾ ਵਿਆਹ ਹੀ ਤਾਂ ਕਰਵਾਇਆ ਹੈ। ਉਹ ਕਰੇਵਾ ਜਾਂ ਕੱਢਕੇ ਤਾਂ ਨਹੀਂ ਲਿਆਇਆ ਸੀ।"

ਕੁਝ ਦਿਨ ਖੁੰਡ-ਪਰਧਾਨਾਂ ਨੇ ਕੁੰਦਨ ਸਿੰਘ ਦੇ ਵਿਆਹ ਦੇ ਵਿਸ਼ੇ ਤੇ ਤੱਪਸਰਾ ਕਰਕੇ ਚੁੱਪ ਹੋ ਗਏ ਸਨ। ਕੁੰਦਨ ਸਿੰਘ ਮਿਹਨਤੀ ਤੇ ਸਾਊਪੁਣੇ ਦੇ ਸੁਭਾਅ ਕਰਕੇ ਸਤਿਕਾਰਿਆ ਜਾਂਦਾ ਸੀ। ਇਹ ਚੰਗੀਆਂ ਆਦਤਾਂ ਨਾ ਹੁੰਦੀਆਂ ਤਾਂ ਕੈਨੇਡਾ ਵਿਚੋਂ ਵੀ ਉਸਨੇ ਨੰਗ ਹੀ ਮੁੜਨਾ ਸੀ। ਪਰ ਉਹ ਜਿੰਨਾ ਚਿਰ ਉਥੇ ਰਿਹਾ ਭੈੜੀ ਸ਼ੋਭਤ ਤੋਂ ਕੋਹਾਂ ਮੀਲ ਦੂਰ ਰਹਿੰਦਾ ਸੀ ਮੰਡੀਰ ਦਾ ਸੰਗ ਡਾਲਰਾਂ ਦਾ ਨਾਸ, ਉਸ ਦੇ ਨੇੜੇ ਵੀ ਨਹੀਂ ਢੁਕਿਆ ਸੀ।

ਜਸਬੀਰੋ ਨੇ ਦਸਾਂ ਸਾਲਾਂ ਵਿਚ ਤਿੰਨ ਹੀਰੇ ਵਰਗੇ ਬੱਚਿਆਂ ਨੂੰ ਜਨਮ ਦਿੱਤਾ। ਜਿੰਨ੍ਹਾਂ ਵਿਚੋਂ ਦੋ ਲੜਕੀਆਂ ਤੇ ਇਕ ਲੜਕਾ ਸੀ। ਜਸਬੀਰੋ ਕੰਮ ਕਰਦੀ ਕਦੇ ਵੀ ਨਾ ਥੱਕਦੀ। ਉਹ ਵੀ ਘਰ ਦਾ ਹਥਲਾ ਕੰਮ ਸਮੇਟ ਕੇ ਕੁੰਦਨ ਸਿੰਘ ਕੋਲ ਭੱਤਾ ਲੈ ਕੇ ਖੇਤ ਪਹੁੰਚ ਜਾਂਦੀ। ਦਿਨ ਢਲੇ ਕੁੰਦਨ ਸਿੰਘ ਤੇ ਜਸਬੀਰੋ ਇਕੱਠੇ ਹੀ ਖੇਤੋਂ ਮੁੜਦੇ। ਇਸ ਤਰ੍ਹਾਂ ਕੁੰਦਨ ਸਿੰਘ ਤੇ ਜਸਬੀਰੋ ਦੀ ਦੂਵੱਲੀ ਮਿਹਨਤ ਨੇ ਕੁਝ ਹੀ ਸਾਲਾਂ ਵਿਚ ਪੁਰਾਣਾ ਘਰ ਢਾਹਕੇ ਨਵਾਂ ਤੇ ਪੱਕਾ ਘਰ ਉਸਾਰ ਲਿਆ ਸੀ। ਮੂਹਰੇ ਬਹੁਤ ਵੱਡਾ ਦਲਾਨ ਬਣਾ ਲਿਆ ਸੀ, ਜਿਸ ਵਿਚ ਮਾਲ-ਡੰਗਰ ਤੇ ਟਰੈਕਟਰ ਖੜੋਣ ਦੀ ਥਾਂ ਵੀ ਸੀ।

ਅਚਨਚੇਤ ਕੁੰਦਨ ਸਿੰਘ ਦੇ ਮਨ ਵਿਚ ਕੈਨੇਡਾ ਵਾਪਸ ਜਾਣ ਦੇ ਵਿਚਾਰ ਆਉਣ ਲਗੇ। ਵਿਚਲੀ ਗਲ ਇਹ ਸੀ, ਜਦੋਂ ਜਸਬੀਰੋ ਨੂੰ ਪਤਾ ਚਲਿਆ ਕਿ ਕੁੰਦਨ ਸਿੰਘ ਦੁਬਾਰਾ ਕੈਨੇਡਾ ਜਾ ਸਕਦਾ ਹੈ ਤਾਂ ਉਸ ਨੇ ਕੁੰਦਨ ਸਿੰਘ ਤੇ ਜ਼ੋਰ ਪਾ ਕੇ ਇਹ ਗੱਲ ਕਰਵਾ ਲਈ ਸੀ।

"ਕਿਉਂ ਜੀ! ਆਪਾਂ ਤਾਂ ਮਿਟੀ ਨਾਲ ਮਿਟੀ ਇਥੇ ਵੀ ਹੋਣਾ ਤੇ ਉਥੇ ਵੀ ਹੋਣਾ। ਕੈਨੇਡਾ ਚਲੇ ਜਾਵਾਂਗੇ ਤਾਂ ਇਨ੍ਹਾਂ ਜੁਆਕਾਂ ਦਾ ਤਾਂ ਕੁਝ ਸਾਉਰ ਜਾਊ।"

ਜਦੋਂ ਕੁੰਦਨ ਸਿੰਘ ਦੇ ਵੱਡੇ ਭਰਾ ਨੂੰ ਪਤਾ ਲੱਗਾ ਤਾਂ ਉਸਨੇ ਨਾ ਆਉਣ ਲਈ ਜ਼ੋਰ ਪਾਇਆ। ਕੁੰਦਨ ਸਿੰਘ ਹੀ ਆਪਣੇ ਭਰਾ ਦੀ ਜ਼ਮੀਨ ਵੀ ਵਾਹੁੰਦਾ ਸੀ। ਇਸ ਤਰ੍ਹਾਂ ਉਸ ਦਾ ਭਰਾ ਨਹੀਂ ਸੀ ਚਾਹੁੰਦਾ ਜ਼ਮੀਨ ਕਿਸੇ ਨੂੰ ਹੋਰ ਦਿੱਤੀ ਜਾਵੇ। ਪਰ ਕੁੰਦਨ ਸਿੰਘ ਜਸਬੀਰੋ ਦੇ ਕਹੇ ਨੂੰ ਮੋੜ ਨਾ ਸਕਿਆ ਤੇ ਵਾਪਸ ਕੈਨੇਡਾ ਜਾਣ ਦਾ ਮਨ ਬਣਾ ਲਿਆ ਸੀ। ਹਾੜ੍ਹੀ ਦੀ ਫਸਲ ਕੱਢਕੇ ਤੇ ਵੇਚ ਵੱਟ ਕੇ ਸਭ ਨਾਲ ਲੇਖਾ ਜੋਖਾ ਕਰਕੇ ਕੁੰਦਨ-ਜਸਬੀਰੋ ਹੌਲੇ ਫੁੱਲ ਹੋ ਗਏ ਸਨ।

"ਜਸਬੀਰੋ! ਆਪਾਂ ਟਰੈਕਟਰ ਵੀ ਵੇਚ ਦੇਈਏ। ਖੜੇ ਨੂੰ ਜੰਗਾਲ ਹੀ ਲੱਗੂ। ਜਦੋਂ ਲੋੜ ਪਈ ਫਿਰ ਖਰੀਦ ਲਵਾਂਗੇ। ਮੈਂ ਕੈਨੇਡਾ ਪਹੁੰਚਕੇ ਤੁਹਾਨੂੰ ਸਾਲ ਖੰਡ ਵਿਚ ਹੀ ਸੱਦ ਲਵਾਂਗਾ। ਸ਼ਮਿੰਦਰ ਦਾ ਸ਼ਗਨ ਮੈਂ ਜਲਾਲਾਬਾਦ ਦੇਣ ਦਾ ਇਰਾਦਾ ਬਣਾਇਆ ਹੈ। ਜਸਬੀਰੋ ਦੇ ਸੌ ਵਾਰੀ ਨਾਂਹ ਨੁੱਕਰ ਕਰਨ ਦੇ ਵੀ ਕੁੰਦਨ ਸਿੰਘ ਲੜਕੀ ਉਥੇ ਮੰਗ ਆਇਆ ਸੀ ਸ਼ਮਿੰਦਰ ਉਦੋਂ ਤੇਰਾਂ ਕੁ ਸਾਲਾਂ ਦੀ ਸੀ।

"ਵੇਖ! ਜਸਬੀਰੋ!! ਪਹਿਲਾਂ ਮੈਂ ਉਥੇ ਪਹੁੰਚੂ ਫਿਰ ਨੌਕਰੀ ਭਾਲੂੰ ਫਿਰ ਕਿਤੇ ਜਾ ਕੇ ਤੁਹਾਨੂੰ ਸੱਦਣ ਦੀ ਚਿੱਠੀ ਤਰੂੰ। ਇਸ ਤਰ੍ਹਾਂ ਅੱਖ ਦੇ ਫੋਰ ਨਾਲ ਹੀ ਸਾਲਾਂ ਦੇ ਸਾਲ ਲੰਘ ਜਾਣਗੇ। ਦੇਸ ਫੇਰੀ ਚਲਦੀ ਨਹੀਂ ਪੈਣ ਲੱਗੀ। ਖਰਚਾ ਹੀ ਖਰਚਾ ਮੂਹਰੇ ਦਿਸਦਾ ਹੈ।"

ਕੁੰਦਨ ਸਿੰਘ ਦੇ ਕੈਨੇਡਾ ਪਹੁੰਚਣ ਤੋਂ ਕੋਈ ਡੇਢ ਕੁ ਸਾਲ ਮਗਰੋਂ ਹੀ ਜਸਬੀਰੋ ਵੀ ਬੱਚੇ ਲੈ ਕੇ ਕੁੰਦਨ ਸਿੰਘ ਕੋਲ ਪਹੁੰਚ ਗਈ ਸੀ। ਕੁੰਦਨ ਸਿੰਘ ਨੂੰ ਪਹਿਲੀ ਹੀ ਲੱਕੜ ਦੀ ਮਿਲ ਵਿਚ ਕੰਮ ਮਿਲ ਗਿਆ ਸੀ। ਸਾਊ ਤੇ ਮਿਹਨਤੀ ਹੋਣ ਕਰਕੇ ਮਿਲ ਵਾਲਿਆਂ ਉਸਨੂੰ ਫਿਰ ਕੰਮ ਦੇ ਦਿੱਤਾ ਸੀ ਗਰਮੀਆਂ ਦੀਆਂ ਛੁੱਟੀਆਂ ਵਿਚ ਸਾਰਾ ਟੱਬਰ ਬੇਰੀ ਤੋੜਦਾ ਤੇ ਸਟੈਂਪਾਂ ਜਸਬੀਰੋ ਦੇ ਨਾਂ ਬਣਾਉਂਦੇ। ਜਦੋਂ ਬੇਰੀ ਟੁੱਟਣੀ ਬੰਦ ਹੋ ਜਾਂਦੀ ਤਾਂ ਜਸਬੀਰੋ ਨੂੰ ਘਰ ਬੈਠੇ ਕੀਤੇ ਕੰਮ ਦਾ ਭੱਤਾ ਮਿਲਦਾ। ਜਦੋਂ ਭੱਤੇ ਦਾ ਚੈੱਕ ਜਸਬੀਰੋ ਦੇ ਨਾਂ ਆਉਂਦਾ ਤਾਂ ਕੁੰਦਨ ਸਿੰਘ ਨੂੰ ਕਹਿੰਦੀ, "ਵੇਖੋ ਜੀ! ਉਥੇ ਵੀ ਮਿੱਟੀ ਨਾਲ ਮਿੱਟੀ ਹੁੰਦੇ ਸਾਂ। ਧੇਲਾ ਵੀ ਪੱਲੇ ਨਹੀਂ ਪੈਂਦਾ ਸੀ। ਇਥੇ ਕੰਮ ਕਰਕੇ ਤਾਂ ਪੈਸੇ ਮਿਲਣੇ ਹੀ ਹਨ। ਆਹ ਜਿਹੜੇ ਘਰ ਬੈਠਿਆਂ ਨੂੰ ਬਾਫ਼ਰ ਦਾ ਚੈੱਕ ਆਉਂਦਾ ਹੈ, ਫਿਰ ਕਹੀਦਾ ਬਈ ਇਹ ਮੁਲਕ ਚੰਗਾ ਹੈ। ਆਹ ਜਿਹੜੇ ਅੱਧ ਨੰਗੇ ਜਿਹੇ ਜੁਆਕ ਤੁਰੇ ਫਿਰਦੇ ਆ ਇਨ੍ਹਾਂ ਬੇਸ਼ਰਮਾਂ ਨੂੰ ਕੋਈ ਪੁਛੇ, ਘਰ ਮਾਂ ਭੈਣ ਹੈ ਨਹੀਂ।"

"ਜਸਬੀਰੋ! ਇਹ ਲੋਕ ਕਿਸੇ ਦੀ ਪਰਵਾਹ ਨਹੀਂ ਕਰਦੇ। ਮੌਜੀ ਆ ਮੌਜੀ।"

ਕੁੰਦਨ ਸਿੰਘ ਤੇ ਜਸਬੀਰੋ ਦੇ ਦਿਨ ਇਥੇ ਵੀ ਫਿਰਨ ਲੱਗੇ। ਬੱਚੇ ਸਭ ਸਕੂਲ ਜਾਂਦੇ ਸਨ। ਵੱਡੀ ਕੁੜੀ ਨੇ ਬਾਰਾਂ ਜਮਾਤਾਂ ਕਰਕੇ ਕੰਪਿਊਟਰ ਦਾ ਕੋਰਸ ਕਰ ਰਹੀ ਸੀ।

"ਕਿਉਂ ਜਸਬੀਰ ਕੁਰੇ, ਆਹ ਦਸ ਕੁ ਏਕੜ ਬੇਰੀ ਦਾ ਖੇਤ ਵਿਕਾਊ ਹੈ ਤੇ ਖੇਤ ਵਿਚ ਹੀ ਘਰ ਹੈ। ਮੇਰਾ ਤਾਂ ਇਹੋ ਇਰਾਦਾ ਹੈ ਬਈ ਇਸ ਨੂੰ ਖਰੀਦ ਲਈਏ।"

ਕੁੰਦਨ ਸਿੰਘ ਨੇ ਖੇਤ ਮੂਹਰਦੀ ਲੰਘਦੇ ਸਮੇਂ ਜਸਬੀਰੋ ਨਾਲ ਸਲਾਹ ਕੀਤੀ।

"ਕਿਸੇ ਦੇ ਖੇਤ ਵਿਚ ਬੇਰੀ ਤੋੜਨ ਨਾਲੋਂ ਕਿਉਂ ਨਾ ਆਪਣੇ ਹੀ ਖੇਤ ਵਿਚ ਹੱਡ-ਭੰਨਵੀਂ ਮਿਹਨਤ ਕਰੀਏ। ਦੂਜਾ ਲਾਭ ਇਸ ਖੇਤ ਵਿਚ ਰਹਾਇਸ਼ੀ ਘਰ ਵੀ ਹੈ। ਹਥਲੇ ਘਰ ਨੂੰ ਵੇਚਕੇ ਰਹਿਣ ਵੀ ਉਥੇ ਹੀ ਲਗ ਜਾਵਾਂਗੇ। ਲਓ ਜੀ! ਨੇਕ ਸਲਾਹ ਵਿਚ ਢਿਲ ਕੇਹੀ।"

ਜਸਬੀਰੋ ਦੇ ਹਾਂ ਕਰਨ ਦੀ ਹੀ ਦੇਰ ਸੀ, ਕੁੰਦਨ ਸਿੰਘ ਨੇ ਉਹ ਖੇਤ ਖਰੀਦ ਲਿਆ ਸੀ। ਦੂਸਰੇ ਥਾਂ ਲੜਕਾ ਸੀ ਤੇ ਉਹ ਵੀ ਗਭਰੂ ਹੋ ਗਿਆ ਸੀ ਸਕੂਲੋਂ ਆ ਕੇ ਜਗਦੇਵ ਵੀ ਆਪਣੇ ਡੈਡੀ ਨਾਲ ਹੱਥ ਵਟਾਉਣ ਲੱਗਾ। ਕੁਝ ਹੀ ਸਾਲਾਂ ਦੀ ਮਿਹਨਤ ਨੇ ਖੇਤ ਤੇ ਘਰ ਦਾ ਸਾਰਾ ਕਰਜ਼ਾ ਲਾਹ ਦਿੱਤਾ ਸੀ।

"ਦੇਖੋ ਜੀ, ਨਾ ਕਿਸੇ ਦਾ ਲੈਣ ਤੇ ਨਾ ਕਿਸੇ ਦਾ ਦੇਣ। ਓਸ ਸੱਚੇ ਪਾਤਸ਼ਾਹ ਦੀਆਂ ਮਿਹਰਾਂ ਹਨ। ਜਿਹਨੇ ਨੌਂ ਨਿਧਾਂ ਤੇ ਵਾਰਾਂ ਸਿਧਾਂ ਕਰ ਦਿੱਤੀਆਂ।"

"ਭਾਗਵਾਨੇ ਇਨ੍ਹਾਂ ਹੱਥਾਂ ਦੀ ਕਰਾਮਾਤ ਹੈ। ਆਪਣੀ ਸਾਰਿਆਂ ਦੀ ਮਿਹਨਤ ਦਾ ਸਦਕਾ ਹੀ ਹੈ। ਬਾਕੀ ਸਭ ਝੂਠ।"

ਇਕ ਦਿਨ ਕੁੰਦਨ ਸਿੰਘ ਸ਼ਾਮ ਨੂੰ ਕੰਮ ਕਰਕੇ ਮੁੜਿਆ ਤਾਂ ਥੱਕਿਆ ਥੱਕਿਆ ਮਹਿਸੂਸ ਕਰ ਰਿਹਾ ਸੀ। ਨਹਾ ਧੋ ਕੇ ਰੋਟੀ ਖਾਧੀ ਤੇ ਸੌਣ ਵਾਲੇ ਕਮਰੇ ਵਿਚ ਚਲਾ ਗਿਆ। ਕਮਰੇ ਵਿਚੋਂ ਹੀ ਅਵਾਜ਼ ਦੇ ਕੇ ਕਹਿਣ ਲੱਗਾ, "ਜਸਬੀਰੋ ਮੈਨੂੰ ਦੁੱਧ ਦਾ ਗਲਾਸ ਇਥੇ ਹੀ ਦੇ ਜਾਵੀਂ, ਅੱਜ ਸਰੀਰ ਕੁਝ ਹਾਮੀ ਜੀ ਨਹੀਂ ਭਰਦਾ।"

ਇਹੋ ਜੇਹੀ ਸ਼ਕਾਇਤ ਕਦੇ ਕਦਾਈਂ ਕੁੰਦਨ ਸਿੰਘ ਜਸਬੀਰੋ ਮੂਹਰੇ ਅਕਸਰ ਹੀ ਕਰਦਾ ਰਹਿੰਦਾ ਸੀ। ਜਸਬੀਰੋ ਨੇ ਦੁੱਧ ਗਰਮ ਹੋਣਾ ਧਰ ਦਿੱਤਾ ਸੀ। ਉਬਾਲ ਕੇ ਤੇ ਖੰਡ ਪਾ ਕੇ ਜਦੋਂ ਗਲਾਸ ਲੈ ਕੇ ਕਮਰੇ ਵਿਚ ਗਈ ਤਾਂ ਉਸ ਨੇ ਹਿਲਾ ਕੇ ਕਿਹਾ, "ਲਉ ਜੀ ਆਹ ਦੁੱਧ ਦਾ ਘੁੱਟ ਪੀ ਲਉ ਤੇ ਫਿਰ ਸੌਂ ਜਾਇਉ।" ਇਕ ਵੇਰਾਂ ਹਲੂਣ, ਦੋ ਵੇਰਾਂ ਹਲੂਣ, ਕੁੰਦਨ ਸਿੰਘ ਤਾਂ ਹਿਲਣ ਵਿਚ ਹੀ ਨਹੀਂ ਆਉਂਦਾ ਸੀ — ਕੁੰਦਨ ਸਿੰਘ ਤਾਂ ਲਾਸ਼ ਦਾ ਢੇਰ ਸੀ — ਐਨੀ ਛੇਤੀ ਮੌਤ ਜਸਬੀਰੋ ਨੇ ਪਹਿਲਾਂ ਕਦੇ ਵੇਖੀ ਸੁਣੀ ਨਹੀਂ ਸੀ। ਜਸਬੀਰੋ ਧਾਹ ਮਾਰਕੇ ਕੁੰਦਨ ਸਿੰਘ ਨੂੰ ਉਚੀ ਉਚੀ ਸੱਦਣ ਲੱਗੀ। ਉਹ ਕੁੰਦਨ ਸਿੰਘ ਤੇ ਢੇਰੀ ਹੋ ਕੇ ਉਚੀ ਉਚੀ ਭੁੱਬਾਂ ਮਾਰਕੇ ਹਾਲੋਂ ਬੇਹਾਲ ਹੋ ਗਈ ਸੀ। ਆਪਣੇ ਡੈਡੀ ਦੀ ਮੌਤ ਦਾ ਪਤਾ ਲਗਣ ਤੇ ਬੱਚਿਆਂ ਨੇ ਵੀ ਉਚੀ ਉਚੀ ਰੋਣਾ ਸ਼ੁਰੂ ਕਰ ਦਿੱਤਾ ਸੀ — ਕੁੰਦਨ ਸਿੰਘ ਦੀ ਮੌਤ ਜੰਗਲ ਦੀ ਅੱਗ ਵਾਂਗ ਸਾਰੇ ਸ਼ਹਿਰ ਵਿਚ ਫੈਲ ਗਈ ਸੀ। ਹਰ ਕੋਈ ਕੁੰਦਨ ਸਿੰਘ ਦੀ ਸਾਦਗੀ ਤੇ ਮਿਹਨਤੀ ਸੁਭਾ ਦੀ ਗਲ ਮਾਣ ਨਾਲ ਕਰਦਾ। ਸ਼ਹਿਰ ਵਿਚ ਰਹਿੰਦੇ ਦੇਸ਼ ਵਾਸੀਆਂ ਨੇ ਰਲਕੇ ਜਸਬੀਰੋ ਦੀ ਇਖਲਾਕੀ ਮੱਦਦ ਕੀਤੀ ਤੇ ਕੁੰਦਨ ਸਿੰਘ ਦਾ ਸਸਕਾਰ ਕਰਵਾਇਆ। ਭੋਗ ਪੈਣ ਵਾਲੇ ਦਿਨ ਗੁਰਦੁਆਰੇ ਵਿਚ ਤਿਲ ਸੁੱਟਣ ਨੂੰ ਥਾਂ ਨਹੀਂ ਸੀ। ਸ਼ਹਿਰੋਂ ਬਾਹਰ ਰਹਿੰਦੇ ਦੇਸ ਵਾਸੀ ਵੀ ਇਸ ਸੰਕਟ ਘੜੀ ਵਿਚ ਜਸਬੀਰੋ ਦੇ ਪਰਵਾਰ ਨਾਲ ਦੁੱਖ ਸਾਂਝਾ ਕਰਨ ਆਏ ਸਨ।

ਹੁਣ ਪਰਵਾਰ ਦਾ ਜੂਲਾ ਜਸਬੀਰੋ ਦੇ ਮੋਢਿਆਂ ਤੇ ਸੀ।

"ਭਾਈ ਕਰਮਾਂ ਦੀ ਗਲ ਹੈ, ਵਿਚਾਰੇ ਕੁੰਦਨ ਸਿੰਘ ਦੀ ਐਨੀ ਹੀ ਲਿਖੀ ਸੀ। ਦਾਣਾ-ਪਾਣੀ ਚੁਗ ਕੇ ਚਲਦਾ ਬਣਿਆ। ਉਸ ਡਾਢੇ ਮੂਹਰੇ ਕਿਸੇ ਦਾ ਜ਼ੋਰ ਨਹੀਂ ਚਲਦਾ। ਉਹਦੇ ਬਿਨ੍ਹਾਂ ਤਾਂ ਪੱਤਾ ਵੀ ਨਹੀਂ ਝੁੱਲਦਾ

"ਪਰ ਬੇਬੇ ਸਾਨੂੰ ਤਾਂ ਸੇਵਾ ਕਰਨ ਦਾ ਮੌਕਾ ਵੀ ਨਹੀਂ ਮਿਲਿਆ। ਬੰਦਾ ਬਿਮਾਰ ਠਮਾਰ ਹੁੰਦਾ ਹੈ, ਸੌ ਓਹੜ-ਪੋਹੜ ਕਰੀਦੇ ਆ। ਟੱਬਰ ਉਸਦੇ ਅੱਗੇ ਪਿਛੇ ਭੱਜਦਾ ਹੈ। ਆਪਣੀ ਪੂਰੀ ਵਾਹ ਲਾਉਂਦਾ ਹੈ। ਮੇਰੇ ਕੰਨਾਂ ਵਿਚ ਉਸਦੇ ਆਖਰੀ ਬੋਲ ਚੱਤੇ ਪਹਿਰ ਗੂੰਜਦੇ ਰਹਿੰਦੇ ਹਨ"।

"ਤੂੰ ਧੀਰਜ ਕਰ ਹੌਂਸਲਾ ਨਾ ਹਾਰ ਤੇ ਇਹੋ ਸਮਝ ਉਹ ਕਰਮਾਂ ਵਾਲਾ ਸੀ। ਚੰਗੇ ਲੇਖ ਲਿਖਾ ਕੇ ਜੰਮਿਆ ਸੀ। ਇਹੋ ਜਿਹੀ ਮੌਤ ਉਸਨੂੰ ਆਉਂਦੀ ਹੈ, ਜਿਸਦੇ ਚੰਗੇ ਕਰਮ ਕੀਤੇ ਹੋਣ। ਸੁਖ ਨਾਲ ਵੱਡੀ ਕੁੜੀ ਤਾਂ ਵਿਆਹੁਣ ਜੋਗੀ ਹੋਈ ਹੈ। ਕੋਈ ਬੰਨ੍ਹ-ਸੁਭ ਕੀਤਾ। ਜਗਦੇਵ ਤਾਂ ਐਨ੍ਹ ਆਪਣੇ ਪਿਉ ਤੇ ਹੈ।"

"ਹਾਂ ਬੇਬੇ! ਉਨ੍ਹਾਂ ਦੇ ਨਾਂ ਤੇ ਘਰ ਹੀ ਸਾਧਾਰਨ ਪਾਠ ਰਖਵਾਇਆ ਹੈ। ਭੋਗ ਪੈਣ ਮਗਰੋਂ ਹੀ ਇਸ ਕੁੜੀ ਦਾ ਵੀ ਹੁਣ ਓਹੜ-ਪੋਹੜ ਕਰਕੇ ਹੀ ਜਾਵਾਂਗੇ। ਐਡੀਂ ਦੂਰੋਂ ਰੋਜ਼ ਰੋਜ਼ ਨਹੀਂ ਆਇਆ ਜਾਂਦਾ। ਇਹੋ ਮੈਂ ਤੇ ਜਗਦੇਵ ਉਥੋਂ ਧਾਰ ਕੇ ਹੀ ਤੁਰੇ ਸੀ। ਮਰਨ ਵਾਲਾ ਆਪਣੇ ਹੱਥੀਂ ਹੀ ਸ਼ਮਿੰਦਰ ਦਾ ਸ਼ਗਨ ਦੇ ਆਇਆ ਸੀ। ਆਪਾਂ ਤਾਂ ਉਸਦੇ ਬੋਲਾਂ ਤੇ ਹੀ ਜਾਣਾ ਹੈ। ਫਿਰ ਹੀ ਉਹਦੀ ਰੂਹ ਨੂੰ ਕਿਤੇ ਜਾ ਕੇ ਸ਼ਾਂਤੀ ਮਿਲੂ। ਧੀਆਂ ਤਾਂ ਆਪਣੇ ਘਰ ਹੀ ਸੋਂਹਦੀਆਂ ਹਨ।"

ਕੋਲ ਬੈਠੀ ਸ਼ਮਿੰਦਰ ਨੇ ਆਪਣੀ ਮਾਂ ਦੇ ਫੈਸਲੇ ਨੂੰ ਸੁਣ ਲਿਆ ਸੀ। ਸ਼ਮਿੰਦਰ ਨੇ ਇਸ ਵਿਚ ਹੀ ਸਿਆਣਪ ਸਮਝੀ ਕਿ ਪਿੰਡ ਦੀਆਂ ਤੀਵੀਆਂ ਵਿਚ ਆਪਣੀ ਮੱਮੀ ਨਾਲ ਕੋਈ ਸੁਆਲ ਜਵਾਬ ਨਹੀਂ ਕੀਤਾ ਸੀ। ਭਰੀ ਪੀਤੀ ਉਠਕੇ ਪਿਛਲੇ ਕਮਰੇ ਵਿਚ ਜਾ ਕੇ ਮੰਜੇ ਤੇ ਜਾ ਢੇਰੀ ਹੋਈ। ਜਗਦੇਵ ਕਿਸੇ ਕੰਮ ਬਲਵੰਤ ਸਿੰਘ ਦੇ ਘਰ ਗਿਆ ਹੋਇਆ ਸੀ। ਬਲਵੰਤ ਤੇ ਜਗਦੇਵ ਛੋਟੇ ਹੁੰਦੇ ਹੀ ਆੜੀ ਸਨ ਤੇ ਹੁਣ ਤੱਕ ਵੀ ਉਨ੍ਹਾਂ ਦੀ ਗੂੜ੍ਹੀ ਮਿੱਤਰਤਾ ਨੇ ਪੱਲਾ ਨਹੀਂ ਛੱਡਿਆ ਸੀ।

"ਬਲਵੰਤ ਤੈਨੂੰ ਤਾਂ ਇਹ ਪਤਾ ਹੀ ਹੈ, ਡੈਡੀ ਨੇ ਸ਼ਮਿੰਦਰ ਦਾ ਸ਼ਗਨ ਉਨ੍ਹਾਂ ਬੀਬੇ ਸਮਗਲਰਾਂ ਦੇ ਘਰ ਫੜਾ ਆਏ ਸੀ। ਇਹ ਚਿੱਟੀਆਂ-ਪੀਲੀਆਂ ਤੇ ਬੀਬੀਆਂ ਦਾਹੜੀਆਂ ਵਾਲੇ ਐਵੇਂ ਨਹੀਂ ਵੀਹਾਂ ਵੀਹਾਂ ਟਰੱਕਾਂ ਦੇ ਮਾਲਕ ਬਣੇ ਬੈਠੇ। ਇਹ ਸਭ ਗਾਂਜੇ ਦੇ ਚਮਤਕਾਰ ਹਨ।"

"ਜਗਦੇਵ ਤੂੰ ਮੈਨੂੰ ਕੀ ਦੱਸਦਾਂ। ਮੈਂ ਤਾਂ ਇਨ੍ਹਾਂ ਦੀਨਿਆਂ ਦੀ ਰਗ ਰਗ ਜਾਣਦਾ ਹਾਂ। ਦੇਖਣੀ ਪਾਖਣੀ ਦੇ ਜਥੇਦਾਰ-ਪੋਚਦਾਰ ਪਰ ਹੈ ਸਮਾਜੀ ਗੰਦੇ ਕੀੜੇ। ਪਰ ਵਿਚੋਂ ਇਹ ਪੁਜਕੇ ਦੀਨੇ ਹੈ ਦੀਨੇ। ਇਨ੍ਹਾਂ ਮੇਰੇ ਸਾਲਿਆਂ ਦਾ ਕੋਈ ਦੀਨ ਈਮਾਨ ਨਹੀਂ ਹੈ, ਜਥੇਦਾਰਾਂ ਦੀ ਸਰਕਾਰ ਆਈ ਤਾਂ ਨੀਲੀ ਸਜਾ ਲਈ ਕਾਂਗਰਸ ਦੀ ਆਈ ਤਾਂ ਰਾਤੋ ਰਾਤ ਨੀਲੀ ਤੋਂ ਦੁੱਧ ਵਰਗੀ ਚਿੱਟੀ ਬੰਨ੍ਹਕੇ ਗਾਂਧੀ ਦੇ ਸਾਲੇ ਬਣ ਜਾਂਦੇ ਹਨ। ਮੁੱਖ ਨਿਸ਼ਾਨਾ ਇਨ੍ਹਾਂ ਦਾ ਪੈਸਾ ਬਨਾਉਣਾ ਹੈ। ਦਸਾਂ-ਪੰਦਰਾਂ ਸਾਲਾਂ ਵਿਚ ਗਾਂਜਾ ਢੋ ਢੋ ਕੇ ਹੁਣ ਵੀਹਾਂ ਟਰੱਕਾਂ ਦੇ ਮਾਲਕ ਬਣੇ ਬੈਠੇ ਹਨ। ਤੂੰ ਵੇਖੀ ਹੈ

ਇਨ੍ਹਾਂ ਦੀ ਕੋਠੀ ਉਸ ਉਤੇ ਚਾਰ-ਪੰਜ ਲੱਖ ਲਾਇਆ। ਬਲਵੰਤ ਨੇ ਵਕਤੀ ਤੌਰ ਤੇ ਮਨ ਦਾ ਗੁਬਾਰ ਕੱਢਕੇ ਅਸਹਿਮਤੀ ਪ੍ਰਗਟ ਕੀਤੀ ਸੀ।"

"ਬਲਵੰਤ ਮੈਨੂੰ ਸ਼ਮਿੰਦਰ ਨੇ ਕੈਨੇਡਾ ਤੋਂ ਤੁਰਨ ਲੱਗਿਆਂ ਹੀ ਆਪਣਾ ਫੈਸਲਾ ਕਹਿ ਸੁਣਾਇਆ ਸੀ, "ਵੀਰਿਆ! ਮੈਂ ਡੈਡੀ ਦਾ ਬਹੁਤ ਸਤਿਕਾਰ ਕਰਦੀ ਹਾਂ ਤੇ ਮਾਂ ਮੇਰੀ ਡੈਡੀ ਦੇ ਬੋਲਾਂ ਨੂੰ ਪੁਗਾਉਣ ਤੇ ਤੁਲੀ ਹੋਈ ਹੈ। ਮਾਂ ਨੂੰ ਇਸ ਗੱਲ ਵੱਲ ਉਕਾ ਧਿਆਨ ਨਹੀਂ ਹੈ, ਮੈਨੂੰ ਕਿੰਨ੍ਹੀ ਆਂਚ ਆਵੇਗੀ, ਮੈਂ ਪੈਸੇ ਵਾਲੇ ਕੀ ਕਰਨੇ ਹਨ। ਮੈਨੂੰ ਤਾਂ ਇਕ ਸੁਲਝੇ ਹੋਏ ਸਾਥੀ ਦੀ ਲੋੜ ਹੈ। ਭਾਵੇਂ ਉਹ ਹੋਵੇ ਗਰੀਬ ਘਰ ਦਾ ਹੀ, ਜਿਸ ਨਾਲ ਮੈਂ ਜ਼ਿੰਦਗੀ ਦੇ ਪਲ ਸਾਂਝੇ ਕਰ ਸਕਾਂ।"

ਜਗਦੇਵ ਇਹ ਗਲ ਤੂੰ ਮੇਰੇ ਤੇ ਛੱਡ, ਆਪਾਂ ਦੋਵੇਂ ਰਲਕੇ ਪੂਰੀ ਕੋਸ਼ਿਸ਼ ਕਰਾਂਗੇ ਤੇ ਸ਼ਮਿੰਦਰ ਲਈ ਉਸਦੇ ਮਨ ਪਸੰਦ ਦਾ ਹੀ ਹਾਣ ਲੱਭਾਂਗੇ

→

# ਰਵੀ ਮੰਡਲ ਦੀਆਂ 'ਸ਼ੰਕਰ-ਵਰਨ' ਲਿਖਤਾਂ

ਕੈਨੇਡਾ ਦੇ ਅਖੌਤੀ 'ਬਹੁਤ ਵੱਡੇ' ਲਿਖਾਰੀ ਦੇ ਵਲੋਂ ਲਿਖ ਲਿਖ ਲਾਏ ਵੱਡੇ ਢੇਰਾਂ ਦੀ ਹਾਲੇ ਅਸੀਂ ਗੱਲ ਨਹੀਂ ਕਰਨੀ, ਉਹਨਾਂ ਇਸ ਬਹਿਸ ਨੂੰ ਸਮਾਪਤ ਕਰਨ ਤੋਂ ਪਿਛੋਂ ਹੀ ਵਿਚਾਰਾਂਗੇ। ਇਸ ਲੜੀ ਦੀ ਸਮਾਪਤੀ ਦੇ ਸਮੇਂ ਤੱਕ ਪਾਠਕ ਉਨ੍ਹਾਂ ਲਿਖਤਾਂ ਦੀ ਪ੍ਰਿਸ਼ਟਭੂਮੀ ਦੇ ਸਮਝਣ ਦੇ ਸਮਰਥ ਹੋ ਜਾਣਗੇ। ਹਾਲੇ ਤਾਂ ਰਵੀ-ਮੰਡਲ ਦੀਆਂ ਕੁਝ ਤਾਜ਼ੀਆਂ ਲਿਖਤਾਂ ਜੋ ਵੈਨਕੂਵਰ ਦੇ ਫਿਰਕੂ ਪਰਚੇ ਵਿਚ ਪਿਛਲੇ ਦੋ ਕੁ ਮਹੀਨਿਆਂ ਵਿਚ ਛਪੀਆਂ ਹਨ, ਉਨ੍ਹਾਂ ਦੀ ਸਾਰਥਕਤਾ ਅਤੇ ਤੱਤ ਨੂੰ ਹੀ ਲੈਣਾ ਹੈ। ਉਨ੍ਹਾਂ ਲਿਖਤਾਂ ਦੇ ਲਿਖਾਰੀਆਂ ਉਪਰ ਕਿੰਤੂ ਉਠਦਾ ਹੈ।

ਮੈਂ ਉਨ੍ਹਾਂ ਲਿਖਤਾਂ ਨੂੰ 'ਸ਼ੰਕਰ ਵਰਨ' ਲਿਖਤਾਂ ਕਹਿੰਦਾ ਹਾਂ। 'ਸ਼ੰਕਰ ਵਰਨ' ਸ਼ਬਦ ਆਮ ਵਰਤੋਂ ਵਿਚ ਘੱਟ ਹੀ ਆਉਂਦਾ ਹੈ, ਕਿਉਂਕਿ ਇਕ ਤਾਂ ਇਹ ਮੂਲ ਰੂਪ ਵਿਚ ਸੰਸਕ੍ਰਿਤ ਦਾ ਸ਼ਬਦ ਹੈ। ਦੂਜੇ ਇਸ ਦੀ ਵਰਤੋਂ ਦੀ ਲੋੜ ਅੱਜ ਦੇ ਯੁਗ ਵਿਚ ਉਂਝ ਹੀ ਘਟ ਚਲੀ ਹੈ। 'ਸ਼ੰਕਰ ਵਰਨ' ਸ਼ਬਦ ਦਾ ਅਰਥ ਹੁੰਦਾ ਹੈ ਕਿਸੇ ਪਿਉ ਦੀ ਮੰਨੀ ਜਾਂਦੀ ਸੰਤਾਨ ਜੇਕਰ ਅਸਲ ਵਿਚ ਉਸ ਦੀ ਨਾ ਹੋਵੇ, ਸਗੋਂ ਉਹ ਕਿਸੇ ਹੋਰ ਦੇ ਰਕਤ-ਬਿੰਦੂ ਤੋਂ ਹੋਵੇ।

ਮਹਾਂ ਭਾਰਤ ਦੇ ਯੁਗ ਦੇ ਸ਼ੁਰੂ ਵਿਚ ਜਦੋਂ ਸੂਰਵੀਰ ਅਰਜਨ ਆਪਣੇ ਫਰਜ਼ ਨੂੰ ਤਿਆਗਣ ਦੇ ਰੌਂ ਵਿਚ ਸੀ, ਜਦੋਂ ਉਹ ਆਪਦੇ ਖਾਨਦਾਨ ਅਤੇ ਰਿਸ਼ਤੇਦਾਰਾਂ ਦੇ ਮੋਹ ਨਾਲ ਵਿੰਨ੍ਹਿਆ ਗਿਆ ਸੀ, ਉਸ ਵੇਲੇ ਅਰਜਨ ਯੁਧ ਨਾ ਕਰਨ ਦੇ ਲਈ ਜਿਨ੍ਹਾਂ ਦਲੀਲਾਂ ਨੂੰ ਦੇ ਰਿਹਾ ਸੀ, ਉਨ੍ਹਾਂ ਵਿਚ ਇਕ ਇਹ ਸੀ ਕਿ ਉਸ ਦੀ ਕੁਲ ਭਰਿਸ਼ਟ ਹੋ ਜਾਵੇਗੀ, ਉਸਦੇ ਖਾਨਦਾਨ ਦੇ ਪੁਰਸ਼ ਯੁਧ ਵਿਚ ਮਾਰੇ ਜਾਣਗੇ ਅਤੇ ਇਸਤਰੀਆਂ ਹੋਰਨਾਂ ਮਰਦਾਂ ਤੋਂ ਸੰਤਾਨ ਪ੍ਰਾਪਤ ਕਰਨਗੀਆਂ ਜਿਸ ਨਾਲ ਉਸ ਦੀ ਕੁਲ ਸ਼ੰਕਰ ਵਰਨ ਹੋ ਜਾਵੇਗੀ। ਪੰਜਾਬੀ ਵਿਚ ਅਸੀਂ ਇਸ ਲਈ ਬੇਰੜਾ ਜਾਂ 'ਹਰਾਮ' ਸ਼ਬਦ ਦੀ ਵਰਤੋਂ ਕਰਦੇ ਹਾਂ। ਪਰ ਸਾਹਿਤ ਵਿਚ ਇਹ ਸ਼ਬਦ ਵਰਤਣ ਨੂੰ ਸ਼ਾਇਦ ਰਵੀ-ਮੰਡਲ ਦੇ ਸਿਆਰੇ ਕਹਿਣ ਕਿ ਇਹ ਸਾਹਿਤਕ ਸ਼ਬਦ ਨਹੀਂ ਹੈ। ਇਸ ਲਈ ਇਸ ਦੀ ਵਰਤੋਂ ਕਰਨ ਤੋਂ ਪਰਹੇਜ਼ ਕੀਤਾ ਹੈ

ਸ਼ਾਇਦ 'ਸ਼ੰਕਰ ਵਰਨ' ਦੀ ਧਾਰਨਾ ਸਥਾਪਤ ਹੋਣ ਦੇ ਕਾਰਨ ਦਾ ਜ਼ਿਕਰ ਵੀ ਕਰ ਲੈਣਾ ਚਾਹੀਦਾ ਹੈ ਕਿਉਂਕਿ ਅਜਿਹੇ ਸ਼ਬਦ ਦੀ ਚਰਚਾ ਹਰ ਵਕਤ ਤਾਂ ਕੀਤੀ ਹੀ ਨਹੀਂ ਜਾਂਦੀ। ਭਾਰਤ ਦੀ ਆਦੀ ਵਸੋਂ ਦਰਾਵੜ ਅਤੇ ਭੀਲ ਸਨ, ਜੋ ਰੰਗ ਦੇ ਕਾਲੇ ਸਨ। ਸ੍ਰੀ ਰਾਮ, ਸ੍ਰੀ ਕ੍ਰਿਸ਼ਨ, ਸ੍ਰੀ ਸ਼ਿਵ, ਸ੍ਰੀ ਬ੍ਰਹਮਾ, ਸ੍ਰੀ ਵਿਸ਼ਨੂੰ ਆਦਿ ਭੀਲ-ਦਰਾਵੜ ਜਾਤੀ ਦੇ ਹੀ ਮੁਖੀ ਸਨ। ਜਦੋਂ ਮਧ-ਏਸ਼ੀਆਂ ਤੋਂ ਆਰੀਆ ਲੋਕ ਭਾਰਤ ਆਏ ਤਾਂ ਉਨ੍ਹਾਂ ਦੀਆਂ ਜਿੰਨ੍ਹਾਂ ਇਸਤਰੀਆਂ ਨੇ ਆਦੀ ਵਾਸੀਆਂ ਨਾਲ ਵਿਆਹ ਕਰ ਲਏ ਤਾਂ ਉਨ੍ਹਾਂ ਤੋਂ ਪੈਦਾ ਹੋਣ ਵਾਲੀ ਸੰਤਾਨ ਦਾ ਰੰਗ ਗੋਰੇ ਤੋਂ ਕਾਲਾ ਜਾਂ ਗੂਹੜਾ-ਭੂਰਾ ਹੋ ਗਿਆ। ਭਾਵੇਂ ਆਰੀਆ ਲੋਕ ਅਜਿਹਾ ਪਸੰਦ ਨਹੀਂ ਕਰਦੇ ਸਨ, ਪਰ ਇਸਤਰੀ ਨੂੰ ਬਰਾਬਰ ਦੇ ਅਧਿਕਾਰ ਹੋਣ ਕਾਰਨ, ਉਨ੍ਹਾਂ ਨੂੰ ਇਹ ਵਿਆਹ ਕਰਨ ਤੋਂ ਰੋਕਿਆ ਹੀ ਨਹੀਂ ਜਾ ਸਕਦਾ ਸੀ। ਸੋ ਇਸ ਵਕਤ 'ਸ਼ੰਕਰ ਵਰਨ' ਸ਼ਬਦ ਦੀ ਧਾਰਨਾ ਸਥਾਪਤ ਹੋਈ ਉਸ ਸਮੇਂ ਭਾਰਤ ਵਿਚ ਸ੍ਰੀ ਸ਼ਿਵ ਦੀ ਪ੍ਰਧਾਨਤਾ ਅਤੇ ਪ੍ਰਭਾਵ ਦਾ ਸਮਾਂ ਸੀ। ਸ਼ਿਵਾ ਨੂੰ 'ਸ਼ੰਕਰ' ਨਾਂ ਨਾਲ ਵੀ ਜਾਣਿਆ ਜਾਂਦਾ ਹੈ। 'ਵਰਨ' ਸ਼ਬਦ ਦਾ ਅਰਥ ਰੰਗ ਹੈ। 'ਸ਼ੰਕਰ ਵਰਨ' ਭਾਵ 'ਕਾਲੇ ਰੰਗ' ਦਾ। ਇਸ ਤਰ੍ਹਾਂ ਸਹਿਜੇ ਸਹਿਜੇ 'ਸ਼ੰਕਰ ਵਰਨ' ਤੋਂ ਭਾਵ ਸਮੇਂ ਦੇ ਸਮਾਜ ਵਲੋਂ ਅਪਰਵਾਨਤ ਸੰਤਾਨ ਤੋਂ ਲਿਆ ਜਾਣ ਲੱਗਾ।

ਹੁਣ ਅਸੀਂ ਰਵੀ-ਮੰਡਲ ਦੀਆਂ ਜਿੰਨ੍ਹਾਂ ਲਿਖਤਾਂ ਦੀ ਚਰਚਾ ਕਰਨ ਲੱਗੇ ਹਾਂ, ਉਨ੍ਹਾਂ ਨੂੰ 'ਸ਼ੰਕਰ-ਵਰਨ' ਕਹਿਣਾ ਹੀ ਉਚਿਤ ਹੈ। ਇਨ੍ਹਾਂ ਲਿਖਤਾਂ ਵਿਚ ਰਵੀ ਲਿਖਤ ਲਿਖਤਾਂ ਨੂੰ ਦੂਜਿਆਂ ਦੇ ਨਾਵਾਂ ਹੇਠ ਛਾਪਣ ਦੀ 'ਅਨੈਤਿਕ' ਗੱਲ ਹੈ।

ਦੇਖਿਆਂ ਪਤਾ ਲਗਦਾ ਹੈ ਕਿ ਇਹ ਪਹਿਲੀ ਵਾਰ ਨਹੀਂ ਹੋ ਰਿਹਾ। ਜਿਸ ਸਮੇਂ ਪਿਛਲੇ ਸਾਲ ਫਿਰਕੂ ਪਰਚੇ ਵਿਚ 'ਗਾਰਗੀ' ਦੇ ਆਉਣ ਬਾਰੇ ਇਕ ਲੇਖ ਛਪਿਆ ਸੀ, ਕੀ ਭਲਾ ਉਹ ਲੇਖ ਰਵਿੰਦਰ ਰਵੀ ਲਿਖਾਰੀ ਦਾ ਨਹੀਂ ਲਿਖਿਆ ਹੋਇਆ ਸੀ ਜਿਸ ਉਪਰ ਫਿਰਕੂ ਪਰਚੇ ਦੇ ਸੰਪਾਦਕ ਨੇ ਢੀਠ ਹੋ ਕੇ ਆਪਦਾ ਨਾਂ ਲਿਖਿਆ ਹੋਇਆ ਸੀ ? ਕੀ ਮਈ ਵਿਚ ਮਨਜੀਤ ਮੀਤ ਦੇ ਨਾਂ ਹੇਠ ਲਿਖਿਆ ਲੇਖ ਰਵਿੰਦਰ ਰਵੀ ਦਾ ਨਹੀਂ ਲਿਖਿਆ ਹੋਇਆ ? ਕੀ ਲੇਖ ਛਪਣ ਤੋਂ ਪਹਿਲਾਂ 'ਮੀਤ' ਨੇ ਉਹ ਪੜ੍ਹਿਆ ਵੀ ਸੀ ਜਾਂ ਸਿਰਫ ਉਹ ਛਪਣ ਤੋਂ ਪਿਛੋਂ ਹੀ ਪੜ੍ਹਿਆ ਹੈ ? ਕੀ ਚਰਨ ਵਿਰਦੀ ਦੇ ਨਾਂ ਹੇਠ ਛਪੀਆਂ ਚਿਠੀਆਂ ਤੇ ਲੇਖ ਰਵਿੰਦਰ ਰਵੀ ਦੇ ਨਹੀਂ ਲਿਖੇ ਹੋਏ ? ਕੀ ਚਾਰ ਕਿਸ਼ਤਾਂ ਵਿਚ ਛਾਪੀ ਗਈ ਰਵੀ, ਵਿਰਦੀ ਅਤੇ ਹੇਅਰ ਦੀ ਇੰਟਰਵੀਊ ਵਿਚ ਫਿਰਕੂ ਪਰਚੇ ਦੇ ਸੰਪਾਦਕ ਦਾ ਕੁਝ ਵੀ ਆਪਣਾ ਹੈ ? ਕੀ ਉਹ ਸਾਰੀ ਦੀ ਸਾਰੀ ਹੀ ਰਵਿੰਦਰ ਰਵੀ ਦੀ ਰਚਨਾ ਨਹੀਂ ਹੈ ? **ਉਸ ਨੂੰ ਅਸਲ ਵਿਚ ਇੰਟਰਵੀਊ ਕਹਿਣਾ ਹੀ ਗਲਤ ਹੈ।** ਉਸ ਨੂੰ 'ਰਵੀ ਨਾਟਕ' ਦਾ ਨਾਂ ਦੇਣਾ ਹੀ ਉਚਿਤ ਹੈ। ਕਿਉਂਕਿ 'ਰਵੀ-ਨਾਟਕ' ਰਵੀ ਵਲੋਂ ਛੇੜੀ ਚਰਚਾ ਬਾਰੇ ਵੱਖਰੇ ਲੇਖ ਲਿਖਣ ਦਾ ਮੰਤਵ ਪੂਰਨ ਲਈ ਲਿਖਿਆ ਗਿਆ ਨਾਟਕ ਹੈ।

ਉਸ 'ਇੰਟਰਵੀਊ' ਨੂੰ ਜੇਕਰ ਉਹ 'ਇੰਟਰਵੀਊ' ਕਹਿਣ ਉਪਰ ਬਜ਼ਿੱਦ ਹਨ ਤਾਂ ਫਿਰ ਉਹ 'ਸ਼ੰਕਰ ਵਰਨ' ਲਿਖਤ ਹੀ ਬਣੇਗੀ। ਜੇਕਰ 'ਰਵੀ ਨਾਟਕ' ਆਖਿਆ ਜਾਵੇ ਤਾਂ ਇਸ ਵਿਚ ਉਨ੍ਹਾਂ ਦਾ ਬਚਾਓ ਹੋ ਸਕਦਾ ਹੈ। ਇਸ ਤਰ੍ਹਾਂ ਇਹ ਰਵੀ ਦੀ ਇਕ ਹੋਰ ਕਿਰਤ ਮੰਨੀ ਜਾ ਸਕਦੀ ਹੈ ਯਾਨੀ ਕਿ ਕੂੜੇ ਦਾ ਢੇਰ ਹੋਰ ਅੱਧਾ ਇੰਚ ਉਚਾ ਹੋ ਜਾਵੇਗਾ।



ਸੂਫ਼ੀ ਅਮਰਜੀਤ

ਜਿਵੇਂ 'ਸ਼ੰਕਰ ਵਰਨ' ਸੰਤਾਨ ਪਛਾਣੀ ਜਾਂਦੀ ਹੈ ਕਿ ਫਲਾਣੇ ਨਿਆਣੇ ਦਾ ਮੂੰਹ ਸਾਵਾਂ ਹੀ ਫਲਾਨੇ ਨਾਲ ਮਿਲਦਾ ਹੈ। ਇਸੇ ਤਰ੍ਹਾਂ ਹੀ ਜਿਹੜੀਆਂ ਲਿਖਤਾਂ ਦੀ ਉਪਰ ਗੱਲ ਕੀਤੀ ਗਈ ਹੈ, ਉਨ੍ਹਾਂ ਵਿਚ 'ਰਵੀ' ਦੇ 'ਅਬੋਧਿਕ' ਨਕਸ਼ਾਂ ਨੂੰ ਪਛਾਨਣਾ ਕਿਸੇ ਲਈ ਔਖਾ ਨਹੀਂ ਹੈ। ਇਨ੍ਹਾਂ ਲਿਖਤਾਂ ਵਿਚ ਵਰਤੀ ਸ਼ਬਦਾਵਲੀ, ਵਾਕ ਬਣਤਰ, ਨੁੱਕ ਖਾਸ ਕਰਕੇ 'ਹਿੰਦੀ' ਦੇ ਸ਼ਬਦਾਂ ਦੀ ਵਰਤੋਂ, ਕਦੀ ਵੀ ਇਨ੍ਹਾਂ ਅਖੌਤੀ ਲੇਖਕਾਂ ਦੀਆਂ ਪਹਿਲੀਆਂ ਲਿਖਤਾਂ ਵਿਚ ਵਰਤੀ ਗਈ, ਕੀ ਇਹ ਸਾਬਤ ਕਰ ਸਕਦੇ ਹਨ ? ਜੇਕਰ ਮੀਤ ਅਤੇ ਫਿਰਕੂ ਪਰਚੇ ਦਾ ਸੰਪਾਦਕ ਉਨ੍ਹਾਂ ਵਿਚੋਂ ਬਹੁਤੇ ਸ਼ਬਦਾਂ ਦੇ ਅਰਥ ਵੀ ਜਾਣਦੇ ਹੋਣ ਤਾਂ ਵੀ ਇਕ ਅਚੰਭੇ ਵਾਲੀ ਗੱਲ ਹੋਵੇਗੀ।

ਫਿਰਕੂ ਪਰਚੇ ਦਾ ਸੰਪਾਦਕ ਅੱਜ ਤੱਕ ਕਦੇ ਵੀ ਗੰਭੀਰ ਸੰਪਾਦਕੀ ਨਹੀਂ ਲਿਖ ਸਕਿਆ। ਉਸ ਵਲੋਂ 'ਐਡੀਟਰੀ' ਦੀ ਟਰੇਨਿੰਗ ਦੇਣ ਦੀ ਗੱਲ ਇਵੇਂ ਹੀ ਕਹੀ ਜਾ ਸਕਦੀ ਹੈ ਜਿਵੇਂ ਕੋਈ ਡੰਗਰ ਚਾਰਨ ਵਾਲਾ ਪਾਲੀ ਇਹ ਦਾਹਵਾ ਕਰੇ ਕਿ ਉਹ ਬਾਗਵਾਨੀ ਦਾ ਮਾਹਿਰ ਹੈ। ਭਾਵੇਂ ਕਿਸੇ ਬਾਗਵਾਨ ਲਈ ਡੰਗਰ ਚਾਰਨੇ ਕੋਈ ਔਖੇ ਨਹੀਂ ਨਾ ਹੀ ਡੰਗਰ ਚਾਰਨੇ ਕੋਈ ਘਟੀਆ ਧੰਦਾ ਹੀ ਹੈ। ਫਿਰ ਵੀ ਫਿਰਕੂ ਪਰਚੇ ਦੇ ਸੰਪਾਦਕ ਦਾ ਪੱਧਰ ਡੰਗਰ ਚਾਰਨ ਵਾਲੇ ਦੀ ਪੱਧਰ ਤੋਂ ਉਪਰ ਨਹੀਂ ਕਿਹਾ ਜਾ ਸਕਦਾ।

ਫਿਰਕੂ ਪਰਚੇ ਦੇ ਸੰਪਾਦਕ ਦੀਆਂ ਸੰਪਾਦਕੀਆਂ ਨਿਜੀ ਰੋਣੇ ਧੋਣਿਆਂ, ਵਿਰੋਧੀਆਂ ਨੂੰ ਗਾਲ੍ਹਾਂ ਕੱਢਣ, (ਜਿਵੇਂ ਲੰਘੇ ਹਫਤੇ ਮੇਰੇ ਬਾਰੇ ਘਟੀਆ ਸੰਪਾਦਕੀ ਨੋਟ), ਬੁਝੜ, ਉਜੱਡ, ਬੇਵਕੂਫ, ਬੇਸੂਝ, ਅਹਿਮਕ, ਕਛਹਿਰੇ ਦੇ ਨਾਲੇ ਜਿੰਨੀ ਅਕਲ, ਆਦਿ ਸ਼ਬਦਾਂ ਨਾਲ ਭਰਪੂਰ ਹੁੰਦੀਆਂ ਹਨ। 'ਰਵੀ-ਨਾਟਕ' ਵਿਚ ਵਰਤੀ ਸ਼ਬਦਾਵਲੀ ਜੋ ਫਿਰਕੂ ਸੰਪਾਦਕ ਦੇ ਮੂੰਹ ਵਿਚ ਉਗਲੱਛੀ ਗਈ ਦਿਖਾਈ ਗਈ ਹੈ ਜਿਵੇਂ ਸੰਭਵ ਹੋ ਸਕਦੀ ਹੈ ? ਜੇਕਰ ਉਹ ਸ਼ਬਦਾਵਲੀ ਉਸ ਦੇ ਸਿਰ ਵਿਚ ਹੁੰਦੀ ਤਾਂ ਉਹ ਪਿਛਲੇ ਦਸ ਸਾਲਾਂ ਵਿਚ ਕਦੇ ਤਾਂ ਉਸ ਦੀ ਵਰਤੋਂ ਕਰਦਾ। ਹਾਂ ਅਸੀਂ ਇਹ ਤਾਂ ਮੰਨ ਸਕਦੇ ਹਾਂ ਕਿ ਉਸ ਦੀ ਸ਼ਾਇਦ ਇਹ ਆਸ਼ਾ ਹੋਵੇ ਕਿ ਉਹ ਕਦੇ ਕਾਸ਼! ਅਜਿਹਾ ਲਿਖ ਸਕੇ।

ਰਵੀ ਨੇ ਚਰਨ ਵਿਰਦੀ ਦੇ ਨਾਂ ਹੇਠ ਲਿਖਿਆ ਹੈ ਕਿ ਦਰਸ਼ਨ ਗਿੱਲ ਦੀ ਅੰਗਰੇਜ਼ੀ ਪੁਸਤਕ ਦਾ ਅਨੁਵਾਦ ਉਸ ਨੇ ਕੀਤਾ ਹੈ। ਇਹ ਕਿਵੇਂ ਮੰਨਿਆ ਜਾ ਸਕਦਾ ਹੈ ਕਿ ਰਵੀ ਜਿਸ ਨੇ ਦਸਵੀਂ ਅਤੇ ਜੇ. ਬੀ. ਟੀ. ਤੋਂ ਮਗਰੋਂ ਕਾਲਜ ਦਾ ਮੂੰਹ ਨਹੀਂ ਦੇਖਿਆ, ਐਮ. ਏ. ਪੰਜਾਬੀ ਦੂਜੇ ਦਰਜੇ ਵਿਚ ਗੋਡਣੀਆਂ ਭਾਰ ਰੁੜ੍ਹ ਰੁੜ੍ਹ ਪਾਸ ਕੀਤੀ ਹੋਵੇ, ਦਰਸ਼ਨ ਗਿੱਲ ਜਿਸ ਨੇ ਅੰਗਰੇਜ਼ੀ ਅਤੇ ਪੰਜਾਬੀ ਦੀ ਡਬਲ ਐਮ. ਏ. ਪਹਿਲੇ ਦਰਜੇ (First class) ਵਿਚ ਕੀਤੀ ਹੈ ਅਤੇ ਕਾਲਜ ਵਿਚ ਪੜ੍ਹਾਉਂਦਾ ਰਿਹਾ ਹੈ, ਕੀ ਅੰਗਰੇਜ਼ੀ ਵਿਚ ਅਨੁਵਾਦ ਕਰਨ ਦੇ ਯੋਗ ਨਹੀਂ ਹੋ ਸਕਦਾ ? ਦੂਜੇ ਪਾਸੇ 'ਅਚਾਰੀਆ' ਰਵੀ ਨੀਊ ਆਇਨਿਸ਼ ਦੇ ਪ੍ਰਾਇਮਰੀ ਸਕੂਲ ਵਿਚ ਟੀਚਰ ਲੱਗਿਆ, ਜਿਥੇ ਉਹ ਸਫਲ ਟੀਚਰ ਨਾ ਹੋਣ ਦੇ ਕਾਰਨ ਡੀ-ਗਰੇਡ ਕਰਕੇ ਲਾਇਬਰੇਰੀਅਨ ਲਾ ਦਿੱਤਾ ਗਿਆ। (ਉਹ ਵੀ ਇਸ ਲਈ ਕਿ ਉਥੇ ਕਈ ਆਮ ਲਾਇਬਰੇਰੀਅਨ ਜਾਣ ਲਈ ਤਿਆਰ ਨਹੀਂ ਹੁੰਦੇ। ਜਦੋਂ ਕਿ ਦਰਸ਼ਨ ਗਿੱਲ ਸਰ੍ਹੀ (Surrey) ਮਿਉਂਸਪੈਲਿਟੀ ਦੇ ਲਾਇਬਰੇਰੀ ਬੋਰਡ ਦਾ ਡਾਇਰੈਕਟਰ ਹੈ)।

ਭਾਵੇਂ ਲਾਇਬਰੇਰੀਅਨ ਹੋਣਾ ਵੀ ਸਤਿਕਾਰ ਵਾਲੀ ਗੱਲ ਹੈ ਪਰ ਜਦੋਂ ਨੈਤਿਕਤਾ ਦੀ ਗੱਲ ਹੋਵੇ ਜਾਂ ਝੂਠੀ ਤੂਹਮਤ ਦੀ ਗੱਲ ਹੋਵੇ ਉਸ ਸਮੇਂ ਡੂੰਘਾਈ ਤੱਕ ਜਾਣਾ ਹੀ ਪੈਂਦਾ ਹੈ। ਰਵੀ ਹਰ ਇਕ ਨੂੰ ਦਸਦਾ ਹੈ ਕਿ ਉਹ ਟੀਚਰ ਹੈ ਜਦੋਂ ਕਿ ਉਹ ਹੈ ਨਹੀਂ। ਅਜਿਹੀ ਆਤਮਹੀਣਤਾ ਦੀ ਕਮਜ਼ੋਰੀ ਉਸ ਦੇ 'ਵੱਡੇ ਲਿਖਾਰੀ' ਹੋਣ ਦੀ ਮਨੋਵਿਗਿਆਨਕ ਬੀਮਾਰੀ ਦੀ ਉਪਜ ਸਿਧ ਹੁੰਦੀ ਹੈ।

ਭਾਵੇਂ ਦਰਸ਼ਨ ਗਿੱਲ ਦੇ ਨਾਂ ਉਪਰ ਕਿਤਾਬ ਲਿਖਣ ਦੀ ਗੱਲ ਇਕ ਘਟੀਆ ਗੱਲ ਹੈ। ਪਰ ਇਹ ਗੱਲ ਇਹ ਵੀ ਸਿਧ ਕਰਦੀ ਹੈ ਕਿ ਰਵੀ ਵਲੋਂ ਆਪਣੇ 'ਸਿਆਰਿਆਂ' ਦੇ ਨਾਂ ਉਪਰ 'ਸ਼ੰਕਰ ਵਰਨ' ਲਿਖਤਾਂ ਲਿਖਣ ਦਾ ਸਾਡਾ ਸ਼ੰਕਾ ਦਰੁਸਤ ਹੈ।

ਵੱਡੇ ਅਚੰਭੇ ਵਾਲੀ ਗੱਲ ਇਹ ਹੈ ਕਿ ਇੰਨ੍ਹਾਂ ਲੋਕਾਂ ਨੂੰ ਉਕਾ ਹੀ ਕਿਸੇ ਤਰ੍ਹਾਂ ਦੀ ਨੈਤਿਕਤਾ ਕਿਉਂ ਟੁੰਬਦੀ ਨਹੀਂ, ਕਿ ਉਨ੍ਹਾਂ ਦੇ ਨਾਂ ਉਪਰ ਕੋਈ ਵਿਅਕਤੀ ਲਿਖ ਕੇ ਛਾਪ ਰਿਹਾ ਹੈ ਜਾਂ ਸ਼ਾਇਦ ਇਹ ਇਸ ਤਰ੍ਹਾਂ ਹੀ ਹੋਵੇ ਜਿਵੇਂ ਇਕ ਬੱਚਾ ਆਪਦੇ ਬਾਪ ਦੇ ਮੋਢੇ ਤੇ ਚੜ੍ਹ ਕੇ ਆਖੇ 'ਬਾਪੂ ਮੈਂ ਤੇਰੇ ਨਾਲੋਂ ਵੀ ਵੱਡਾ ਹੋ ਗਿਆ ਹਾਂ।' ਤਾਂ ਅਗੋਂ ਉਸ ਦਾ ਬਾਪੂ ਹੱਸ ਕੇ ਆਖੇ 'ਹਾਂ ਪੁੱਤਰ ਤੂੰ ਮੇਰੇ ਨਾਲੋਂ ਵੱਡਾ ਹੋ ਗਿਆ ਏਂ।' (ਫਿਰਕੂ ਪਰਚੇ ਦਾ ਸੰਪਾਦਕ ਆਪਦੇ ਨਾਂ ਹੇਠ 'ਰਵੀ-ਨਾਟਕ' ਦੀ ਵਾਰਤਕ ਉਪਰ ਮਾਣ ਕਰਕੇ ਆਪਦੇ ਆਪ ਨੂੰ ਹੋਰ ਦਾ ਹੋਰ ਬਣ ਗਿਆ ਸਮਝਦਾ ਹੋਵੇਗਾ)।

ਕਈ ਲੋਕ ਗੱਲਾਂ ਕਰਦੇ ਹਨ ਕਿ ਇਸ ਤਰ੍ਹਾਂ ਦੀ ਬਹਿਸ ਦਾ ਕੀ ਲਾਭ ਹੈ। ਉਹ ਠੀਕ ਹੀ ਕਹਿੰਦੇ ਹਨ ਕਿ ਅਜਿਹੇ ਲੋਕਾਂ ਬਾਰੇ ਬਹਿਸ ਕਰਨ ਦਾ ਲਾਭ ਹੀ ਕੀ, ਜੋ ਕਿਸੇ ਸਾਹਿਤਕ-ਨੈਤਿਕਤਾ ਦੇ ਨੇੜੇ ਨਹੀਂ ਖੜ੍ਹਦੇ। ਮੈਂ ਇਸ ਨਾਲ ਸਹਿਮਤ ਹਾਂ, ਪਰ ਇਸ ਬਹਿਸ ਦਾ ਇਕ ਮੰਤਵ ਤਾਂ ਪੂਰਾ ਹੋਵੇਗਾ ਕਿ ਜਿਹੜੇ ਲੋਕਾਂ ਨੂੰ ਆਪਣੀ 'ਵੱਡ-ਹਉਮੈਂ' ਨੇ ਨਿਗਲ ਲਿਆ ਹੋਇਆ ਹੈ ਉਹ ਘੱਟੋ ਘੱਟ ਆਪਣੇ ਅੰਦਰ ਝਾਤੀ ਮਾਰਕੇ ਤਾਂ ਦੇਖਣਗੇ। ਜਾਂ ਹੋਰਨਾਂ ਲੋਕਾਂ ਨੂੰ ਇਹ ਤਾਂ ਪਤਾ ਲਗੇਗਾ ਕਿ ਇਹ ਰਵੀ-ਮੰਡਲ ਦਾ ਸਾਹਿਤਕ ਨੈਤਿਕਤਾ/ਅਨੈਤਿਕਤਾ ਦਾ ਪੱਧਰ ਕੀ ਹੈ। ਰਵੀ-ਮੰਡਲ ਨਾਲ ਇਹ ਬਹਿਸ ਵਿਚ ਪੈਣ ਸਮੇਂ ਇਹ ਪੰਜਾਬੀ ਅਖਾਣ ਬਾਰੇ ਪਤਾ ਸੀ ਕਿ 'ਗੰਦ ਛੇੜਿਆਂ ਆਪਦੇ ਉਪਰ ਵੀ ਗੰਦ ਦੇ ਛਿੱਟੇ ਪੈਣੇ ਹਨ। ਪਰ ਇਸ ਨਾਲ ਜਿਥੇ ਆਪ ਲਿਬੜੇ ਹਾਂ ਉਥੇ ਘੱਟੋ ਘੱਟ ਆਮ ਲੋਕਾਂ ਨੂੰ ਇਹ ਤਾਂ ਪਤਾ ਲਗ ਹੀ ਗਿਆ ਹੈ ਕਿ 'ਅਧੁਨਿਕ ਬ੍ਰਹਿਮੰਡੀ ਬੋਧ' ਅਸਲ ਵਿਚ ਅਧੁਨਿਕ ਅਸ਼ਲੀਲਤਾ, ਅਧੁਨਿਕ ਅਨੈਤਿਕਤਾ, ਅਧੁਨਿਕ ਕੂੜਾ, ਅਧੁਨਿਕ ਗੰਦ, ਅਧੁਨਿਕ ਸਮੇਂ ਦੀ ਹਰ ਗੈਰ-ਮਨੁੱਖੀ ਕਦਰਾਂ ਦੀ ਪ੍ਰਤੀਨਿਧ ਹੀ ਹੈ। ਇਸ ਵਿਚ ਕੁਝ ਵੀ ਤੰਦਰੁਸਤ ਨਹੀਂ ਹੈ, ਕੁਝ ਵੀ ਚੰਗੇ ਵਰਗੀ ਸ਼ੈ ਨਹੀਂ ਹੈ। ਇਹ ਪੰਜਾਬੀ ਸਾਹਿਤ ਅਤੇ ਬੋਲੀ ਦੇ ਵਿਚ ਵਾਧਾ ਨਹੀਂ ਕਰਦਾ ਸਗੋਂ ਉਸ ਨੂੰ ਪਿਛਾਂਹ ਖਿਚ ਕੇ ਭੈੜੀ ਕਿਸਮ ਦੇ ਜਾਗੀਰੂ ਈਰਖਾਵਾਦੀ ਸਭਿਆਚਾਰ ਵਿਚ ਸੁਟਦਾ ਹੈ। ਰਵੀ ਨੇ ਆਪਣੇ ਆਪ ਨੂੰ ਕੁਝ ਬਦੇਸ਼ੀ ਪੰਜਾਬੀ ਲੇਖਕਾਂ ਵਿਚ ਗਿਣਕੇ ਜਿਵੇਂ ਚੰਦਨ ਦਾ ਤਿਲਕ ਲਾ ਲਿਆ ਹੋਵੇ। ਅਜਿਹੀ ਕੋਈ ਗੱਲ ਨਹੀਂ ਹੈ ਰਵੀ ਦਾ ਅਤੇ ਉਸ ਵਰਗੇ ਕੁਝ ਹੋਰਨਾਂ ਦਾ ਸਾਹਿਤ ਵਿਚ ਰੋਲ ਨਾਇਕ ਦਾ ਨਹੀਂ ਖਲਨਾਇਕ ਦਾ ਰੋਲ ਹੈ। ਇਨ੍ਹਾਂ ਦੀਆਂ ਲਿਖਤਾਂ ਸਭਿਅਤਾ ਦੇ ਵਿਕਾਸ ਵਿਚ ਕੰਡੇ ਵਾਂਗ ਹਨ। ਜੇ ਉਸ ਵਿਚ ਕੁਝ ਚੰਗਾ ਹੈ ਉਹ ਕਿਧਰੋਂ ਨਕਲ ਕੀਤਾ ਹੋਇਆ ਹੀ ਹੋ ਸਕਦਾ ਹੈ।

ਰਵੀ ਮੰਡਲ ਸਿਰਫ ਲਿਖਤਾਂ ਵਿਚ ਹੀ ਅਜਿਹੀ ਖੇਹ ਨਹੀਂ ਉਡਾ ਰਿਹਾ। ਇਹ ਹੋਰ ਵੀ ਕਈ ਚੰਨ ਚਾੜ੍ਹ ਰਹੇ ਹਨ। ਇਹ ਆਪਣੇ ਆਪ ਨੂੰ ਵੈਨਕੂਵਰ ਦੀਆਂ ਸਾਹਿਤਕ/ਸਭਿਆਚਾਰਕ ਸਰਗਰਮੀਆਂ ਦੇ 'ਟਟੀਹਰੀ' ਵਰਗੇ ਥੰਮ ਸਮਝ ਰਹੇ ਹਨ। ਕਿਸੇ ਨੂੰ ਕੀ ਇਤਰਾਜ਼ ਹੈ ਜੇਕਰ ਪੰਜਾਬੀ ਸਾਹਿਤ ਅਤੇ ਸਭਿਆਚਾਰ ਦੇ ਵਿਕਾਸ ਲਈ ਕੋਈ ਉਘਾ ਕੰਮ ਕਰੇ। ਪਰ ਦੁੱਖ ਦੀ ਗੱਲ ਹੈ ਕਿ ਅਜਿਹਾ ਹੋ ਨਹੀਂ ਰਿਹਾ। ਕਿਉਂਕਿ ਸਭਿਆਚਾਰਕ ਸ਼ਾਮਾਂ ਵਿਚ ਕਈ ਵਾਰ 'ਕੜ੍ਹੀ ਘੁਲਦੀ' ਸੁਣੀ ਗਈ ਹੈ।

ਕੀ ਰਵੀ-ਮੰਡਲ ਇਹ ਦੱਸ ਸਕੇਗਾ ਕਿ ਕੁਝ ਸਮਾਂ ਹੋਇਆ ਵੈਨਕੂਵਰ ਵਿਚ ਕਿਸੇ ਲੇਖਕ ਦੇ ਘਰ ਇਕ ਸਭਿਆਚਾਰਕ ਸ਼ਾਮ ਮਨਾਉਂਦਿਆਂ ਅਜਿਹੀ ਕਿਹੜੀ ਗੱਲ ਹੋਈ ਸੀ ਕਿ ਇਕ ਲੇਖਕ ਨੇ ਇਕ ਲੇਖਕ (ਸੁਣਿਆ ਉਹ ਰਵੀ ਸੀ) ਦੀ ਐਨਕ ਲਾਹ ਕੇ ਪਹਿਲਾਂ ਟੇਬਲ ਉਪਰ ਰੱਖ ਦਿੱਤੀ ਫਿਰ ਟਿਕਾ ਕੇ ਥੱਪੜ ਕਿਉਂ ਮਾਰਿਆ ਸੀ ? ਕੀ ਰਵੀ-ਮੰਡਲ ਦੱਸ ਸਕਦਾ ਹੈ ਕਿ ਵੈਨਕੂਵਰ ਵਿਚ ਇਕ 'ਗਜ਼ਲਾਂ' ਦੇ ਸ਼ੋਅ ਦੇਖਣ ਗਿਆਂ ਕਿਹੜੇ ਤਿੰਨ ਕਵੀਆਂ ਨੂੰ ਸ਼ਰਾਬੀ ਹੋਣ ਕਾਰਨ ਬੇਆਬਰੂ ਕਰਕੇ ਹਾਲ ਵਿਚੋਂ ਕੱਢ ਦਿੱਤਾ ਗਿਆ ਸੀ ? (ਸੁਣਿਆ ਉਹ ਰਵੀ-ਚਰਨ ਅਤੇ ਮੀਤ ਸਨ)।

ਇਹ ਸਵਾਲ ਰਵੀ ਮੰਡਲ ਤੋਂ ਇਸ ਲਈ ਪੁਛੇ ਹਨ ਕਿ ਇਹ ਕੁਝ ਬਹੁਤ ਹੀ ਸਭਿਆਚਾਰਕ ਪ੍ਰੋਗਰਾਮਾਂ ਵਿਚ ਸਰਗਰਮ ਹੋਣ ਦਾ ਦਾਅਵਾ ਕਰਦੇ ਹਨ ਕਿ ਸ਼ਾਇਦ ਇਹ ਜਾਣਕਾਰੀ ਪਾਠਕਾਂ ਨੂੰ ਦੇ ਸਕਣ।

ਅੰਤ ਵਿਚ ਅਸੀਂ ਰਵੀ-ਮੰਡਲ ਨੂੰ ਇਹੋ ਹੀ ਸਲਾਹ ਦੇਣੀ ਯੋਗ ਸਮਝਦੇ ਹਾਂ ਕਿ 'ਵੱਡੇ ਵੱਡੇ ਹੰਕਾਰੀਆ ਨਾਨਕ ਗਰਭ ਗਲੇ' ਵਾਲੀ ਪੰਗਤੀ ਤੋਂ ਸੇਧ ਲੈ ਲੈਣੀ ਗੈਰਵਾਜਬ ਨਹੀਂ ਹੋਵੇਗੀ। ਸੰਸਾਰ ਭਰ ਵਿਚ

ਲੱਖਾਂ ਦੀ ਗਿਣਤੀ ਵਿਚ ਲੇਖਕ ਲਗਾਤਾਰ ਲਿਖ ਰਹੇ ਹਨ। ਪੰਜਾਬੀ ਵਿਚ ਵੀ ਲੇਖਕਾਂ ਦੀ ਗਿਣਤੀ ਹਜ਼ਾਰਾਂ ਵਿਚ ਹੈ। ਸਾਹਿਤ ਸਿਰਜਣਾ ਦਾ ਕੰਮ ਬੜੇ ਪਰਉਪਕਾਰ ਦਾ ਕੰਮ ਹੈ ਜੋ ਜਿਥੇ ਪਾਠਕਾਂ ਦੀ ਸਭਿਆਚਾਰਕ ਭੁੱਖ ਦੀ ਤ੍ਰਿਪਤੀ ਕਰਦਾ ਹੈ ਉਥੇ ਸਮਾਜ ਵਿਚ ਦੀਆਂ ਗੈਰ ਮਨੁੱਖੀ ਸ਼ਕਤੀਆਂ ਅਤੇ ਗੈਰ ਮਨੁੱਖੀ ਰੁਝਾਨਾਂ ਨਾਲ ਸੰਘਰਸ਼ ਕਰਕੇ, ਚੰਗੀਆਂ ਪਿਰਤਾਂ ਸਥਾਪਤ ਕਰਦਾ ਹੈ। ਪਰ ਜੇਕਰ ਸਾਹਿਤ ਸਿਰਜਣਾ ਹਾਉਮੈਂ ਪੂਰਤੀ ਲਈ ਕੀਤੀ ਜਾਂਦੀ ਹੈ ਤਾਂ ਫਿਰ 'ਜੇਤਾ ਪੜ੍ਹਿਆ ਤੇਤਾ ਕੜ੍ਹਿਆ' ਵਾਲੀ ਗੱਲ ਹੀ ਹੋ ਜਾਂਦੀ ਹੈ। ਫਿਰ ਇਹੋ ਜਿਹੀ ਸਾਹਿਤ ਸਿਰਜਣਾ ਸਗੋਂ ਗੈਰ ਮਨੁੱਖੀ ਸ਼ਕਤੀਆਂ ਦੇ ਸੰਗ ਹੀ ਹੋ ਲੈਂਦੀ ਹੈ।

'ਸਰਟੀਫੀਕੇਟ ਸਪਲੀਮੇਂਟ' ਦਾ ਭਲਾ ਕੀ ਉਦੇਸ਼ ਸੀ ? ਇਹ ਹੀ ਦੱਸਣਾ ਕਿ ਰਵੀ 'ਬਹੁਤ ਵੱਡਾ' ਲਿਖਾਰੀ ਹੈ ? "ਸਿੰਬਲ ਰੁੱਖ ਸਰਾਇਰਾ, ਅਤਿ ਦੀਰਘੁ ਅਤਿ ਮੁਚੁ ॥" ਦਾ ਸ਼ਬਦ ਰੋਜ਼ ਸੁਣਿਆ ਜਾਂਦਾ ਹੈ। ਜਿਸਦੇ ਫਲ

→

# 'ਕੈਨੇਡਾ ਦਰਪਣ' ਆਪ ਪੜ੍ਹੋ ਤੇ ਦੂਜਿਆਂ ਨੂੰ ਪੜ੍ਹਨ ਲਈ ਪਰੇਰੋ



ਜਰਨੈਲ ਸਿੰਘ ਸਰਾਂ

ਮਕਾਨ ਖ਼ੀਦਣ ਜਾਂ ਵੇਚਣ ਲਈ

**ਤਜਰਬੇਕਾਰ ਸੇਲਜ਼ਮੈਨ ਦੇ ਤਜਰਬੇ ਦਾ ਲਾਭ ਉਠਾਓ**

**ਅੱਜ ਹੀ**

**ਜਰਨੈਲ ਸਿੰਘ ਸਰਾਂ** ਨੂੰ ਫ਼ੋਨ ਕਰੋ

**ਫ਼ੋਨ : 585-4888**

**ਘਰ : 590-0413**

For Professional Market Evaluation and Consultation

**Jarnail S. Saran**

**Bus: 585-4888 Res: 590-0413**

9320 Scott Road (120 St.) Surrey, B.C. V3V 4B8

## ਬੰਬੇ ਸਵੀਟਸ ਮੈਨੂਫੈਕਚਰਰ ਇਨਕ

ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!

**BOMBAY SWEETS MANUFACTURER INC.**

6556 —6560 MAIN (at 49th.Ave.)
VANCOUVER, B.C. V5X 3G9
Tel. (604) 321-1414
Or 874-5722

$2.50 / ਪੌਂਡ ਵਾਲੀਆਂ ਜਲੇਬੀਆਂ $1.49

$2.50 / ਪੌਂਡ ਵਾਲੇ ਲੱਡੂ $1.75

CONTACT:

**NARESH SHUKLA & BROS.**

## INCOME TAX from $15
## ACCOUNTING

ਸਰੀ ਵਿਚ ਆਪਣੀ ਕਮਿਊਨਿਟੀ ਦਾ ਭਰੋਸੇਯੋਗ ਇਨਕਮ ਟੈਕਸ ਦੇ ਫਾਰਮ ਭਰਨ ਵਾਲਾ ਦਫਤਰ। ਮਾਂਗਟ ਹੋਰਾਂ ਦੇ 25 ਸਾਲਾਂ ਦੇ ਤਜਰਬੇ ਦਾ ਵਾਜਬ ਰੇਟ ਤੇ ਲਾਭ ਉਠਾਉ। ਦਫਤਰ ਸਾਰਾ ਸਾਲ ਖੁੱਲ੍ਹਾ ਰਹਿੰਦਾ ਹੈ।

- Income Tax
- Book-Keeping
- Accounting & Incorporation
- Insurance(Life, Sickness, Group, Travel, Visitors)



**C.S. Mangat**
(Ex. Bank Manager)

**MANGAT AGENCIES**
No. 2-7171 King George HWY
SURREY, B.C.

(Authorized Ad)

**594-5711 594-2254**

# A.M.C. Carpet Ltd.

**Unit 8 - 12950 - 80th Ave. Surrey, B.C.**

**Carpet-Vinyl-Hardwood** All Popular Brands Supplied & Installed

ਕਿਸੇ ਵੀ ਪ੍ਰਕਾਰ ਦਾ ਕਾਰਪੇਟ ਜਾਂ Lino ਨਵੇਂ ਜਾਂ ਪੁਰਾਣੇ ਘਰ ਵਿਚ ਪਵਾਉਣਾ ਹੋਵੇ, ਸਾਡੀਆਂ ਕੀਮਤਾਂ ਦੂਸਰੇ ਸਟੋਰਾਂ ਨਾਲੋਂ ਘੱਟ ਹਨ, ਪੂਰੇ ਕੰਮ ਦੀ ਗਰੰਟੀ ਹੈ

**Free Estimate —**

**ਨਵੇਂ ਜਾਂ ਪੁਰਾਣੇ ਘਰ ਲਈ ਸਾਨੂੰ ਫੋਨ ਕਰੋ :**

**Phone for appointment**



AMARJIT SINGH CHAHAL

**Off. 594-6141**

**Res. 594-7595** **Pager 680-0214**

ਪੰਨਾ 27 ਦੀ ਬਾਕੀ

ਵਾਲੀ ਅਵਸਥਾ ਆ ਜਾਏ ਤਾਂ ਹੀ ਜੀਵ ਦੀ ਕਲਿਆਣ ਹੈ।

ਸਿਖੀ ਧਰਮ ਹਰ ਪਹਿਲੂ ਤੋਂ ਸਾਇੰਟੇਫਿਕ ਧਰਮ ਹੈ। ਜੰਗਲਾਂ ਪਹਾੜਾਂ ਵਿਚ ਸਮਾਧੀਆਂ ਲਾਣ ਵਾਲਿਆਂ ਦੀ ਇਸ ਵਿਚ ਕੋਈ ਥਾਂ ਨਹੀਂ

ਨਾਮਾ ਕਹੇ ਤਿਲੋਚਨਾ ਮੁਖ ਤੇ ਰਾਮ ਸਮਾਲ।
ਹਾਥ ਪਾਊਂ ਨਿਤ ਕਾਮ ਕਰ ਚਤਿ ਨਿਰੰਜਨ ਨਾਲ।

ਇਹ ਸਿਖੀ ਮਾਰਗ "ਹੱਥ ਕਾਰ ਵਲ, ਦਿਲ ਯਾਰ ਵੱਲ।" ਨਾਮ ਜਪਣਾ, ਪਰ ਨਾਲ ਹੀ ਸਰਬਤ ਦੀ ਸੇਵਾ ਕਰਨੀ, ਇਹ ਦੋਵੇਂ ਸਿਖੀ ਦੇ ਅਨਿਖੜਵੇਂ ਪੱਖ ਹਨ। (ਚਲਦਾ)

## ਪ੍ਰਿੰਸ ਰੁਪਰਟ ਵਿਚ

ਹਿੰਦੀ, ਪੰਜਾਬੀ, ਪਾਕਿਸਤਾਨੀ ਮੂਵੀਆਂ ਲਈ

## ਮੋਨੀਕਾ ਵੀਡੀਓ

ਨੂੰ ਯਾਦ ਰੱਖੋ

ਜਿਥੋਂ ਤੁਹਾਨੂੰ ਨਵੀਆਂ ਫਿਲਮਾਂ ਤੇ ਵਧੀਆ ਪ੍ਰਿੰਟ ਮਿਲਦੇ ਹਨ

**ਫ਼ੋਨ ਕਰੋ : ਪਾਲ ਮੋਦਗਿੱਲ**

**627-1637**



Editor: Darshan Kaur Bains

ਨਵਰੰਗ ਵਿਚ ਇਸ਼ਤਿਹਾਰ ਦੇਣ ਵਾਸਤੇ
ਇਸ ਨੰਬਰ ਤੇ ਫੋਨ ਕਰੋ

**274-1213**

ਪਤਾ:
Navrang Publication Ltd.
P.O.BOX 23524
VANCOUVER AMF
B.C. V7B 1W2

ਨਵਰੰਗ ਦੇ ਮੈਂਬਰ ਬਣੋ
ਚੰਦਾ $20 ਡਾਲਰ
ਇਕ ਸਾਲ ਲਈ

## 'ਕੈਨੇਡਾ ਦਰਪਣ' ਦੇ
## ਚੰਦੇ ਦਾ ਫ਼ਾਰਮ
## SUBSCRIPTION FORM

To

The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name..........................................
Address........................................
City...........................................
Province.......................................
Postal code....................................
PHONE.

| | |
|---|---|
| One Year .................. | 30 dollars |
| Two Year .................. | 55 dollars |
| Three year ................ | 80 dollars |
| Life membership.......... | 500 dollars |
| ASIA......................... | 150 dollars [a year] |
| U.S.A. ...................... | 35 dollars [a year] |
| Europe ...................... | 150 dollars [a year] |
| Africa ...................... | 150 dollars [a year] |

# GLOBAL IMMIGRATION SERVICES



WE ARE PROVIDING ALL IMMIGRATION SERVICES

**ਇਮੀਗਰੇਸ਼ਨ ਸਬੰਧੀ ਹਰ ਮਸਲੇ ਲਈ ਤੁਹਾਡੀ ਸੇਵਾ ਕਰ ਸਕਦੇ ਹਾਂ**

**ਹੇਠ ਲਿਖੀਆਂ ਲੋੜਾਂ ਲਈ ਪਹਿਲੀ ਵਾਰ ਮੁਫ਼ਤ ਸਲਾਹ ਲਈ ਮਿਲੋ**

- ਬਿਜ਼ਨੈਸ ਤੌਰ ਤੇ ਕੈਨੇਡਾ ਜਾਂ ਅਮਰੀਕਾ ਵਿਚ ਇਮੀਗਰੇਸ਼ਨ ਲੈਣ ਲਈ
- ਬਿਜ਼ਨੈੱਸ ਦੇ ਅਧਾਰ 'ਤੇ ਸਾਰੇ ਪ੍ਰੀਵਾਰ ਦੀ ਇਮੀਗਰੇਸ਼ਨ ਜਾਂ ਨੌਕਰੀ ਲਈ ਮੰਗਵਾਉਣਾ ਹੋਵੇ।
- ਤੁਹਾਡੇ ਕਿਸੇ ਰਿਸ਼ਤੇਦਾਰ ਨੂੰ ਕਿਸੇ ਮੁਲਕ ਵਿਚੋਂ ਵੀ ਮੰਗਵਾਉਣਾ ਹੋਵੇ
- ਰੀਫਿਊਜੀ ਸਟੇਟਸ ਵਾਸਤੇ ਕਿਸੇ ਦੀ ਦਰਖਾਸਤ ਜਾਂ ਅਪੀਲ ਕਰਨੀ ਹੋਵੇ।
- ਫਾਰਮ ਇਨਵੈਸਟਮੈਂਟ ਕਰਨ ਵਾਲਿਆਂ ਲਈ ਇਮੀਗਰੇਸ਼ਨ ਦੀ ਵਿਸ਼ੇਸ਼ ਸਲਾਹ

ਇਸ ਤੋਂ ਇਲਾਵਾ ਹੋਰ ਵੀ ਕੋਈ ਇਮੀਗਰੇਸ਼ਨ ਸਬੰਧੀ ਮਾਮਲਿਆਂ ਲਈ ਮਦਦ ਕਰ ਸਕਦੇ ਹਾਂ

- Business Immigration (Investors, Enterpreneurs, self employed)
- Family Business Immigration (Job offers to relatives)
- Family & Assisted relatives
- Application for refugee status
- For adoption.
- Foreign domestic workers.
- Special Consideration in farming.

Any other matter regarding Immigration.

**For Further Consultation Contact**

**KARNAIL SINGH NAGRA**

11420 GRANVILLE AVE. RICHMOND. B.C.

PH. (604) 270-2100



# Success Through Service & Experience

**AWARD WINNER**

OF THE MEDALLION CLUB, MEMBER OF THE I.C.I. DIVISION OF THE REAL ESTATE BOARD OF GREATER VANCOUVER IN BUSINESS SINCE 1971

**For Professional Market Evaluation or Consultation**

**Without any obligation, contact**

Buying, Selling or Trading

**ਮਕਾਨ ਵੇਚਣ ਜਾਂ ਖ਼ਰੀਦਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ**

**Ph. Bus: 437-9431 Res: 434-4660**

**UNITED REALTY LTD.**

2443 Kingsway, Vancouver, B.C. V5R 5G8



**Ajaib S. Janda**



# MINT AUTO BODY LTD.

- **Complete Professional Auto Body Repairs and Refinishing on all makes and models**
- **I.C.B.C. claims handled promptly**
- **Complete framework**
- **UNI - BODY repairs**
- **All work conditionally guaranteed**
- **Free estimates**
- **Courtesy cars**

**ਕਾਰਾਂ, ਵੈਨਾਂ ਅਤੇ ਪਿਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖ਼ਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਓ**



**Bhupinder(Bob) Sihota**



For further information call:

**Bhupinder(Bob) Sihota**

**Ph. 433-1207**

**Mint Auto Body Ltd.**

5590 Lane Street, BURNABY, B.C. V5H 2H5



# The Manitoba Mirror

# ਮੈਨੀਟੋਬਾ ਦਰਪਣ

## BRAR NATURAL FLOUR MILLS

ਵਧੀਆ ਮੱਕੀ ਪੀਸਣ ਵਾਲੀਆਂ ਅਤੇ
ਵਧੀਆ ਵੇਸਣ ਪੀਸਣ ਵਾਲੀਆਂ ਚੱਕੀਆਂ
ਨਵੀਆਂ ਲੱਗ ਰਹੀਆਂ ਹਨ

— ਸ਼ੇਰੇ-ਪੰਜਾਬ ਡੂਰਮ ਕਣਕ ਦਾ ਆਟਾ —

ਚਾਹੇ ਰੋਟੀਆਂ ਪਕਾਓ ਜਾਂ ਪੂਰੀਆਂ ਬਣਾਓ

ਫ਼ੋਨ : 204-632-5360

ਗਰੌਸਰੀ ਦੀਆਂ ਸਾਰੀਆਂ ਵਸਤਾਂ ਵਾਜਬ ਭਾਅ 'ਤੇ

ਮੂਵੀਆਂ — ਟੇਪਾਂ ਵੀ ਇਥੋਂ ਮਿਲਦੀਆਂ ਹਨ

**Ph. 775-6989**

830 - NOTRE DAME AVE. WINNIPEG, MAN.

---

ਵਿੰਨੀਪੈਗ ਵਿਚ ਹਰ ਪ੍ਰਕਾਰ ਦੀ ਪ੍ਰਾਪਰਟੀ ਖ਼੍ਰੀਦਣ ਜਾਂ ਵੇਚਣ ਲਈ

ਮਿੱਤਰਤਾ ਭਰੀ, ਈਮਾਨਦਾਰ ਅਤੇ ਤਜਰਬੇਕਾਰ ਸਲਾਹ ਲਈ

ਅਵਤਾਰ ਟਿਵਾਣਾ ਨੂੰ ਮਿਲੋ ਜਾਂ ਫੋਨ ਕਰੋ :

**Ph. Off: (204) 694-5000**

**Res: 694-3198**

Pager 942-7788 #02284



Sales Representative

## REMAX REALTY

10 - 2230 McPhillps St., Winnipeg, MB R2V 3C8

---



ਵੀਡੀਓ ਮੂਵੀਆਂ ਵੀ ਇੱਥੋਂ ਲੈ ਸਕਦੇ ਹੋ

ਵਿੰਨੀਪੈਗ ਵਿਚ ਕੱਪੜੇ ਤੇ ਗਹਿਣਿਆਂ ਦੀ ਦੁਕਾਨ

## ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ







ਦਾਜ-ਵਰੀ ਦੇ ਗਹਿਣੇ ਇਕੋ ਹੀ ਥਾਂ ਤੋਂ ਬਣਵਾਓ

ਆਪਣੇ ਮਨਪਸੰਦ ਦੇ ਗਹਿਣੇ ਬਨਵਾਉਣ ਲਈ ਵੀ

ਕੋਹਿਨੂਰ ਜਿਊਲਰਜ਼ ਅਤੇ ਫੈਬਰਿਕ ਸੈਂਟਰ ਤੇ ਪਹੁੰਚੋ

ਵੰਨ ਸਵੰਨੇ ਸੂਟ ਤੇ ਸਾੜ੍ਹੀਆਂ ਦੀ ਚੋਣ ਅਤੇ ਦਾਜ-ਵਰੀ ਲਈ ਯਾਦ ਰੱਖੋ

ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ

ਵਧੀਆ ਕੁਆਲਿਟੀ, ਵਾਜਬ ਕੀਮਤਾਂ, ਦੋਸਤਾਨਾ ਵਰਤਾਓ ਅਤੇ ਤਸੱਲੀਬਖ਼ਸ਼ ਚੀਜ਼ਾਂ ਮਿਲਦੀਆਂ ਹਨ

**Kohinoor Jewellers & Fabric Centre**

New Location — 724 - Sargent Ave., Winnipeg, MAN. **Ph. Bus. 772-3937**

**Res. 633-6567**

---

## REDWOOD MOTORS LTD.

ਕਾਰਾਂ ਦੀ ਜਨਰਲ ਮੁਰੰਮਤ — ਬਰੇਕਾਂ ਦੀ ਸਪੈਸ਼ਲ ਸਰਵਿਸ



**Automotive Repairs — Alignment and Wheel Balancing**

ਹਰ ਤਰ੍ਹਾਂ ਦੀ ਕਾਰ ਦੀ ਮੁਰੰਮਤ ਜਲਦੀ ਕਰਵਾਉਣ ਲਈ ਰੈਡਵੁੱਡ ਮੋਟਰਜ਼ ਉਤੇ ਪਹੁੰਚੋ



**PH. 582-7138**

600 - Redwood Ave. WINNIPEG, MAN.



# ਧਰਮ ਤੇ ਫ਼ਲਸਫ਼ਾ

## ਧਰਮ

**ਮੇਹਰ ਸਿੰਘ ਸੰਧੂ, ਵੈਨਕੂਵਰ**

ਧਰਮ ਇਨਸਾਨੀਅਤ ਦੀ ਇਕ ਉਚੀ ਅਵਸਥਾ ਹੈ। ਧਰਮ ਤਾਂ ਇਨਸਾਨ ਨੂੰ ਚੁੱਕ ਕੇ ਪ੍ਰਮਾਤਮਾ ਨਾਲ ਜਾ ਜੋੜਦਾ ਹੈ। ਇਨਸਾਨੀ ਜੀਵਨ ਦੀ ਸੰਪੂਰਨਤਾ, ਅਪਣਤ ਨੂੰ ਮਿਟਾ ਕੇ ਰੱਬੀ ਜੋਤ ਵਿਚ ਲੀਨ ਹੋਣ ਵਿਚ ਹੈ ਅਤੇ ਇਸ ਮਾਰਗ ਦਾ ਨਾਮ ਧਰਮ ਹੈ।

ਇਨਸਾਨ ਨੂੰ ਪ੍ਰਮਾਤਮਾ ਨੇ ਇਕ ਉਚੀ ਦਾਤ, ਵਿਚਾਰ ਸ਼ਕਤੀ ਦੀ ਬਖਸ਼ੀ ਹੈ। ਹੈਵਾਨ ਇਸ ਦਾਤ ਤੋਂ ਸੱਖਾ ਹੈ। ਹੈਵਾਨੀ ਜੀਵਨ ਪ੍ਰਧਾਨਤਾ ਇਨਸਟਿੰਕਟ (ਕੁਦਰਤੀ ਸੂਝ) ਦੀ ਹੁੰਦੀ ਹੈ। ਇਹ ਇਨਸਟਿੰਕਟ ਦੇ ਦੋ ਚਰਨ ਹੁੰਦੇ ਹਨ।

1. ਆਪਾ ਵਧਾਅ, ਅਥਵਾ ਸੰਤਾਨ ਨੂੰ ਪੈਦਾ ਕਰਕੇ ਆਪਣੀ ਨਸਲ ਨੂੰ ਕਾਇਮ ਰੱਖਣ ਦੇ ਯਤਨ।

2. ਆਪਾ ਬਚਾਅ, ਅਥਵਾ ਆਪਣੀ ਜ਼ਿੰਦਗੀ ਨੂੰ ਹਰ ਤਰ੍ਹਾਂ ਕਾਇਮ ਰੱਖਣ ਦੇ ਯਤਨ।

ਬੁਰੇ ਭਲੇ ਜਾਂ ਠੀਕ ਗਲਤ ਦੀ ਹੈਵਾਨ ਨੂੰ ਬਿਲਕੁਲ ਸੋਝੀ ਨਹੀਂ ਹੁੰਦੀ।

ਸੰਸਾਰੀ ਜੀਵਨ ਦਾ ਮੰਤਵ ਸੁਰਤ ਦਾ ਵਿਕਾਸ ਹੈ। ਸੰਸਾਰ ਦੀ ਹਰ ਵਸਤੂ ਵਿਚ ਸੁਰਤ ਗੁਪਤ ਰੂਪ ਵਿਚ ਬੈਠੀ ਹੈ ਅਤੇ ਸਹਿਜੇ ਸਹਿਜੇ ਪੌੜੀ-ਬ-ਪੌੜੀ ਇਹ ਖਿੜ ਰਹੀ ਹੈ।

ਇਨਸਾਨ ਨੂੰ ਅਕਲ ਦੀ ਰੌਸ਼ਨੀ ਪ੍ਰਾਪਤ ਹੋਈ ਹੋਈ ਹੈ ਜਿਹੜੀ ਇਸ ਨੂੰ ਉਚਿਆਂ ਲੈ ਜਾ ਕੇ ਪ੍ਰਮਾਤਮਾ ਦੇ ਦਰ ਤੱਕ ਪਹੁੰਚਾ ਦੇਂਦੀ ਹੈ। ਅਕਲ ਦੀਆਂ ਕਈ ਮੰਜਲਾਂ ਹਨ। ਸਹਿਜੇ ਸਹਿਜੇ ਜਦ ਅਕਲ ਦਾ ਵਿਕਾਸ ਹੁੰਦਾ ਹੈ ਤਾਂ ਇਨਸਾਨ ਇਕ ਇਕ ਕਰਕੇ ਇਹ ਮੰਜ਼ਲਾਂ ਚੜ੍ਹਦਾ ਜਾਂਦਾ ਹੈ।

ਇਹ ਸੁਰਤ ਦਾ ਵਿਕਾਸ ਬੜਾ ਸਹਿਜੇ ਸਹਿਜੇ ਹੁੰਦਾ ਹੈ। ਇਨਸਾਨ ਨੇ ਜਦ ਧਰਤੀ ਤੇ ਜਨਮ ਲਿਆ ਤਾਂ ਇਹਦੇ ਅਤੇ ਪਸ਼ੂਆਂ ਵਿਚ ਥੋੜਾ ਹੀ ਫਰਕ ਸੀ। ਖੁੰਦਰਾਂ ਵਿਚ ਇਹ ਰਹਿੰਦਾ ਸੀ ਅਤੇ ਕੰਦਮੂਲ ਜਾਂ ਛੋਟੇ ਛੋਟੇ ਪੰਛੀ ਪਸ਼ੂਆਂ ਨੂੰ ਖਾ ਕੇ ਆਪਣਾ ਪੇਟ ਭਰਦਾ ਸੀ। ਜੋੜੇ ਬਣ ਕੇ ਰਹਿਣ ਦਾ ਜਜ਼ਬਾ ਜਾਨਵਰਾਂ ਵਿਚ ਵੀ ਹੁੰਦਾ ਹੈ, ਇਨਸਾਨ ਵਿਚ ਇਹ ਜ਼ਿਆਦਾ ਉਘੜਿਆ। ਫੇਰ ਬਘਿਆੜਾਂ ਵਾਂਗੂ ਟੋਲੇ ਬਣਨੇ ਸ਼ੁਰੂ ਹੋਏ ਅਤੇ ਵਧਦਾ ਵਧਦਾ ਸਮਾਜਕ ਜੀਵਨ ਬਣ ਗਿਆ।

ਕੁਦਰਤ ਦੀ ਘੜੀ ਨਾਲ ਮਿਣਿਆ ਇਨਸਾਨ ਅਜੇ ਬਿਲਕੁਲ ਬਚਪਨ ਵਿਚ ਹੈ। ਇਸ ਨੂੰ ਜਨਮ ਲਿਆਂ ਕੇਵਲ ਦਸ ਲੱਖ ਸਾਲ ਹੀ ਮਸਾਂ ਗੁਜ਼ਰੇ ਹਨ ਅਤੇ ਇਹ ਲਗਪਗ ਸਾਰਾ ਸਮਾਂ ਹੀ ਇਸ ਦਾ ਵਹਿਸ਼ੀਪੁਣੇ ਵਿਚ ਗੁਜ਼ਰਿਆ ਹੈ। ਅਕਲ ਦੀਆਂ ਕਈ ਪੌੜੀਆਂ ਹਨ। ਜਿਨ੍ਹਾਂ ਪੌੜੀਆਂ ਤਕ ਅਜੇ ਆਮ ਜਨਤਾ ਪਹੁੰਚੀ ਹੈ ਉਹਦੇ ਵਿਚ ਪਸ਼ੂ-ਬਿਰਤੀ ਦੀ ਹੀ ਪ੍ਰਧਾਨਤਾ ਹੈ ਅਤੇ ਅਕਲ ਇਸ ਪਸ਼ੂ-ਬਿਰਤੀ ਦੇ ਅਧੀਨ ਹੋ ਕੇ ਚਲਦੀ ਹੈ। ਇਨਸਾਨੀ ਜੀਵਨ ਦਾ ਇਤਿਹਾਸ ਲੜਾਈਆਂ ਝਗੜਿਆਂ ਨਾਲ ਹੀ ਭਰਿਆ ਪਿਆ ਹੈ। ਇਹ ਸਭ ਪਸ਼ੂ-ਬਿਰਤੀ ਦੇ ਹੀ ਕਾਰਨਾਮੇ ਹਨ ਹੁਣ ਦੂਜੀ ਪੌੜੀ ਵਲ ਆਈਏ। ਦੂਜੀ ਪੌੜੀ ਤੇ ਸੁਰਤ 'ਚ ਟੱਬਰ ਸੰਭਾਲ ਪਹੁੰਚਦੀ ਹੈ। ਇਨਸਾਨ ਟੱਬਰ ਲਈ ਜੀਂਵਦਾ ਹੈ ਅਤੇ ਪਰਵਾਰ ਲਈ ਹੀ ਆਪਣਾ ਜੀਵਨ ਤਕ ਵਾਰਨ ਨੂੰ ਤਿਆਰ ਹੁੰਦਾ ਹੈ।

ਤੀਜੀ ਪੌੜੀ ਤੇ ਅਪਣਤ ਦਾ ਦਾਇਰਾ ਹੋਰ ਜ਼ਿਆਦਾ ਵੱਡਾ ਹੋ ਜਾਂਦਾ ਹੈ। ਇਸ ਪੌੜੀ ਦਾ ਆਦਰਸ਼ ਹੈ 'ਪੰਥ ਜੀਏ, ਮੈਂ ਮਰਾਂ।' ਆਪਣਾ ਸਭ ਕੁਝ, ਆਪਣਾ ਆਪ ਭੀ, ਆਪਣੇ ਫਿਰਕੇ ਜਾਂ ਕੌਮ ਤੇ ਵਾਰ ਦੇਣਾ।

ਇਸ ਤੋਂ ਉਪਰਲੀ ਪੌੜੀ ਦੇਸ-ਪਿਆਰ ਦੀ ਹੈ। ਕਰਤਾਰ ਸਿੰਘ ਸਰਾਭਾ, ਭਗਤ ਸਿੰਘ, ਸੁਖਦੇਵ, ਰਾਜਗੁਰੂ ਜੈਕਾਰੇ ਲਾਉਂਦੇ ਫਾਂਸੀ ਦੇ ਰੱਸੇ ਨੂੰ ਚੁੰਮ ਕੇ ਸ਼ਹੀਦ ਹੋਏ, ਹੋਰ ਦਰਜਨਾਂ ਸਾਥੀ ਲਾਹੌਰ ਵਿਚ ਅੰਗਰੇਜ਼ੀ ਸਰਕਾਰ ਨੇ ਫਾਂਸੀ ਤੇ ਲਟਕਾਏ। ਕੋਈ ਇਕ ਭੀ ਘਬਰਾਇਆ ਨਹੀਂ। ਦਰਜਨਾਂ ਬੰਗਾਲੀ ਨੌਜੁਆਨ ਦੇਸ-ਪਿਆਰ ਦੇ ਜਜ਼ਬੇ ਅਧੀਨ ਖੂਨ ਦੀ ਹੋਲੀ ਖੇਡ ਗਏ ਸਨ।

ਮੇਹਰ ਬਾਬਾ ਆਪਣੀ ਪੁਸਤਕ God Speaks (ਪ੍ਰਭੂ ਬੋਲਦਾ ਹੈ) ਵਿਚ ਲਿਖਦੇ ਹਨ ਕਿ ਪਹਿਲਾਂ conseiousness ਅਥਵਾ ਸੁਰਤ ਉਚ ਮੰਡਲਾਂ ਤੋਂ ਹੇਠਾਂ ਆਈ, ਫੇਰ ਇਸ ਨੇ ਵਾਪਸ ਚੜ੍ਹਨਾ ਸ਼ੁਰੂ ਕੀਤਾ। ਇਨਸਾਨੀ ਜੀਵਨ ਵਿਚ ਇਹ ਚੇਤਨਾ ਜਾਗ ਚੁਕੀ ਹੈ। ਹੁਣ ਫੇਰ ਇਸ ਨੇ ਸਹਿਜੇ ਸਹਿਜੇ ਉਪਰ ਚੜ੍ਹਕੇ ਆਪਣੇ ਉਚੇ ਟਿਕਾਣੇ ਤੇ ਪਹੁੰਚਣਾ ਹੈ। ਇਸ ਸੁਰਤ ਦੇ ਖੇੜੇ ਨੂੰ ਉਹ Evolution of consciousness ਅਥਵਾ ਸੁਰਤ ਦਾ ਵਿਕਾਸ ਕਹਿੰਦੇ ਹਨ। ਇਹ ਵਿਕਾਸ ਸੱਤਾਂ ਮੰਜ਼ਲਾਂ ਵਿਚ ਹੁੰਦਾ ਹੈ ਅਤੇ ਮੇਹਰ ਬਾਬਾ ਦੇ ਕਥਨ ਅਨੁਸਾਰ ਇਸ ਦੀ ਪੂਰਤੀ ਲਈ ਇਨਸਾਨ ਨੂੰ 84 ਲੱਖ ਵਾਰੀਂ ਜਨਮ ਲੈਣਾ ਪੈਂਦਾ ਹੈ। ਸੁਰਤ ਬਹੁਤ ਹੀ ਸਹਿਜੇ ਜਾਗਦੀ ਹੈ।

ਸੁਰਤ ਵੀ ਇਕ ਸ਼ਕਤੀ ਹੀ ਹੈ। ਜੇ ਮਨ ਜਾਂ ਸੁਰਤ ਨੂੰ ਪ੍ਰਮਾਤਮਾ ਤੇ ਇਕਾਗਰ ਕੀਤਾ ਜਾਵੇ ਤਾਂ ਉਸ ਦੀ ਸ਼ਕਤੀ ਵੀ ਉਸੇ ਤਰ੍ਹਾਂ ਵਧ ਜਾਂਦੀ ਹੈ ਅੰਮ੍ਰਿਤ ਵੇਲੇ ਉਠੋ, ਇਕਾਂਤ ਵਿਚ ਬੈਠ ਕੇ ਸੁਰਤ ਨੂੰ ਸ਼ਬਦ ਵਿਚ ਜੋੜੋ। ਵੇਖੋ ਕੁਝ ਮਹੀਨਿਆਂ ਵਿਚ ਹੀ ਤੁਸੀਂ ਪਹਿਲੀ ਮੰਜ਼ਲ ਦਾ ਆਨੰਦ ਮਾਣ ਲਓਗੇ ਅਤੇ ਤੁਹਾਡੀਆਂ ਅਰਦਾਸਾਂ ਕਬੂਲ ਹੋਣ ਲਗ ਪੈਣਗੀਆਂ।

ਦਖਲਾਵੇ ਮਾਤਰ ਪਾਠ ਕਰਾਣੇ ਜਾਂ ਕਰਨੇ ਅਤੇ ਨਾਲ ਹੀ ਸੁਰਤ ਨੂੰ ਮਾਇਆ ਵਿਚ ਲਪੇਟੀ ਰੱਖਣਾ, ਇਹ ਠੱਗੀ ਹੈ। ਸੁਰਤ ਦੇ ਵਿਕਾਸ ਵਿਚ ਠੱਗੀਆਂ ਸਹਾਈ ਹੋਣ ਦੀ ਥਾਂ ਰੁਕਾਵਟ ਪਾਂਦੀਆਂ ਹਨ। ਜਿਹੜੇ ਮਹਾਂਪੁਰਸ਼ ਮਾਇਆ ਵਲ ਪਿੱਠ ਕਰਕੇ ਨਾਮ ਸਿਮਰਨ ਵਲ ਆਪਣੀ ਸੁਰਤ ਨੂੰ ਜੋੜਦੇ ਹਨ ਉਹ ਇਕ ਜਨਮ ਵਿਚ ਹੀ ਕਈ ਮੰਜ਼ਲਾਂ ਚੜ੍ਹ ਜਾਂਦੇ ਹਨ। ਦੂਜੀ ਮੰਜ਼ਲ ਨਾਲੋਂ ਤੀਜੀ ਮੰਜ਼ਲ ਦੀ ਸ਼ਕਤੀ ਬਹੁਤ ਜ਼ਿਆਦਾ ਹੈ।

ਚੌਥੀ ਮੰਜ਼ਲ ਬਾਬਤ ਮੇਹਰ ਬਾਬਾ ਜੀ ਲਿਖਦੇ ਹਨ ਕਿ ਤਪੱਸਵੀ ਵਿਚ ਐਨੀ ਤਾਕਤ ਆ ਜਾਂਦੀ ਹੈ ਕਿ ਉਹ ਚਾਹੇ ਤਾਂ ਸਾਰੀ ਦੁਨੀਆਂ ਖਤਮ ਕਰ ਦਏ ਅਤੇ ਚਾਹੇ ਤਾਂ ਫੇਰ ਸੰਸਾਰ ਨੂੰ ਹੋਂਦ ਵਿਚ ਲੈ ਆਏ। ਇਹ ਗਪੌੜੇ ਨਹੀਂ। ਸਵਾਮੀ ਯੋਗਾ ਨੰਦ ਦੀ ਜੀਵਨ-ਕਥਾ ਪੜ੍ਹੋ ਤਾਂ ਯਕੀਨ ਆ ਜਾਏਗਾ ਕਿ ਤਪੱਸਿਆ ਨਾਲ ਇਹ ਸ਼ਕਤੀ ਪ੍ਰਾਪਤ ਹੋ ਸਕਦੀ ਹੈ। ਦੂਜੇ ਮਹਾਂਪੁਰਸ਼ ਮਹਾਂ-ਯੋਗੀ ਸ੍ਰੀ ਅਰਵਿੰਦੋ ਘੋਸ਼ ਜੀ ਹਨ ਜਿਨ੍ਹਾਂ ਦਾ ਜਨਮ 1872, ਜਿਸ ਦੇਸ ਨੂੰ ਅਜ ਬੰਗਲਾ ਦੇਸ਼ ਦਾ ਨਾਮ ਦਿੱਤਾ ਗਿਆ ਹੈ ਵਿਚ ਹੋਇਆ। ਵਿਦਿਆ ਸਾਰੀ ਉਨ੍ਹਾਂ ਇੰਗਲੈਂਡ ਵਿਚ ਪ੍ਰਾਪਤ ਕੀਤੀ, ਫੇਰ ਯੂਰਪ ਦੀਆਂ ਹੋਰ ਜ਼ਬਾਨਾਂ ਫ਼ਰਾਂਸੀਸੀ, ਜਰਮਨ, ਇਟਾਲੀਅਨ ਵੀ ਚੰਗੀ ਤਰ੍ਹਾਂ ਪੜ੍ਹ ਲਿਖ ਅਤੇ ਬੋਲ ਲੈਂਦੇ ਸਨ। ਵਾਪਸ ਆਏ ਤਾਂ ਆਜ਼ਾਦੀ ਦੀ ਲਹਿਰ ਵਿਚ ਕੁੱਦ ਪਏ, ਜੇਲ੍ਹ ਜਾਣਾ ਪਿਆ। ਜੇਲ੍ਹ ਵਿਚ ਹੀ ਆਤਮਾ ਜਾਗੀ ਅਤੇ ਹਿਰਦੇ ਵਿਚ ਸਰੂਰ ਪੈਦਾ ਹੋਇਆ। ਜੇਲ ਵਿਚੋਂ ਨਿਕਲਦੇ ਹੀ ਉਹ ਪਾਂਡੀਚਰੀ ਚਲੇ ਗਏ। ਅਰਵਿੰਦੋ ਜੀ ਨੇ ਯੋਗ ਮਾਰਗ ਨਾਲ ਸੁਰਤ ਨੂੰ ਸਿਖਰ ਤੱਕ ਪਹੁੰਚਾਇਆ।

ਇਹ ਚਾਰ ਮੰਜ਼ਲਾਂ ਸ਼ਕਤੀ ਦੀਆਂ ਮੰਜ਼ਲਾਂ ਹਨ। ਇਨ੍ਹਾਂ ਤੋਂ ਉਪਰ ਗਿਆਨ ਦੀਆਂ ਹਨ।

ਪੰਜਵੀਂ ਮੰਜ਼ਲ ਤੇ ਪਹੁੰਚ ਕੇ ਦਵੈਤ ਭਾਵ ਬਿਲਕੁਲ ਖਤਮ ਹੋ ਜਾਂਦਾ ਹੈ। ਸਭ ਸੰਸਾਰ ਆਪਣਾ ਪਰਵਾਰ ਹੀ ਨਜ਼ਰ ਆਉਣ ਲਗ ਪੈਂਦਾ ਹੈ।

"ਮਾਨਸ ਕੀ ਜਾਤ ਸਭੈ ਏਕੋ ਪਹਚਾਨਬੋ"

ਰਮਨ ਮਹਾਂ ਰਿਸ਼ੀ ਦੇ ਆਸ਼ਰਮ ਵਿਚ ਇਕ ਦਿਨ ਰਾਤ ਨੂੰ ਡਾਕੂ ਆ ਪਏ। ਰਮਨ ਨੇ ਬੜੇ ਪ੍ਰੇਮ ਨਾਲ ਆਸ਼ਰਮ ਦੀ ਹਰ ਵਸਤੂ ਉਨ੍ਹਾਂ ਦੇ ਹੱਥ ਫੜਾਈ ਅਤੇ ਬੜੇ ਪ੍ਰੇਮ ਨਾਲ ਹੀ ਕਿਹਾ ਕਿ ਜਦ ਵੀ ਇਸ ਆਸ਼ਰਮ ਦੀ ਕਿਸੇ ਵਸਤੂ ਦੀ ਲੋੜ ਹੋਵੇ, ਬੜੀ ਖੁਸ਼ੀ ਨਾਲ ਕਿਸੇ ਵਕਤ ਆ ਕੇ ਲੈ ਜਾਇਆ ਕਰੋ।

ਦੁਖ ਦਾ ਕਾਰਨ ਤਾਂ ਸੁਰਤ ਦਾ ਮੋਹ ਵਿਚ ਲਿਬੜਿਆ ਹੋਣਾ ਹੈ। ਜੀਵਨ ਦੀ ਪੂਰਨਤਾ ਤਾਂ "ਇਕੋ" ਵਿਚ ਹੀ ਸੁਰਤ ਨੂੰ ਲੀਨ ਕਰਨ ਵਿਚ ਹੈ।

ਨਾਮਦੇਵ ਜੀ ਆਪਣੀ ਰੋਟੀ ਪਕਾ ਰਿਹਾ ਹੈ। ਜਦ ਇਕ ਪ੍ਰਸ਼ਾਦਾ ਪਕਾ ਕੇ ਉਸ ਨੇ ਛਿੱਕੂ ਵਿਚ ਰਖਿਆ ਤਾਂ ਕੁੱਤਾ ਦੌੜ ਕੇ ਆਇਆ ਅਤੇ ਪ੍ਰਸ਼ਾਦਾ ਚੁਕ ਕੇ ਭੱਜ ਪਿਆ। ਨਾਮਦੇਵ ਜੀ ਦਾਲ ਦੀ ਕਟੋਰੀ ਹੱਥ ਵਿਚ ਫੜ ਕੇ ਪਿਛੇ ਪਿਛੇ ਦੌੜਦੇ ਅਤੇ ਕਹਿੰਦੇ ਜਾਂਦੇ ਹਨ, "ਭਗਵਾਨ ਰੁਖੀ ਮਤ ਖਾਈਓ"

ਕੁੱਤਾ ਹੋਵੇ ਭਾਵੇਂ ਬਿੱਲੀ, ਜਦ ਸੁਰਤ ਇਸ ਮੰਜ਼ਲ ਤੇ ਪਹੁੰਚ ਜਾਏ ਕਿ ਦਵੈਤ ਭਾਵ ਹੀ ਖਤਮ ਹੋ ਜਾਏ ਅਤੇ "ਜੋ ਦੀਸੈ ਸੋ ਤੇਰਾ ਰੂਪ"

ਜਿਧਰ ਦੇਖਤਾ ਹੂੰ ਉਧਰ ਤੂ ਹੀ ਤੂ ਹੈ।
ਤੇਰੀ ਹੀ ਰੰਗਤ ਤੇਰੀ ਹੀ ਬੂ ਹੈ।

ਬਾਕੀ ਪੰਨਾ 22 'ਤੇ


**PAUL'S PLUMBING, ELECTRICAL & HEATING SUPPLY**





Plumbing & Bathroom
Fixtures & Supplies
Hot Water Tanks
Hot Water Heating & Supplies
And Instalations

*We cut and thread galvanized pipe*
*We Cut keys also.*

"Free customer parking at rear"

**4578 Main St., At 30th Ave., Vancouver, B.C.**

Sales: 872-3118
Service: 872-7227
HINDI, Punjabi Spoken



**Thinking of Buying or Selling**

New Houses, Lots, Building Contracts

**Specializing :**

Resale New Housing Lot Sales and Farms



Don't delay call now :

**Hardeep S. Bhangav**
Medellion Club Award Winner

ਰਹਾਇਸ਼ੀ ਘਰਾਂ, ਅਤੇ ਕਮਰਸ਼ਲ ਪਰਾਪਰਟੀ ਲਈ ਹਰਦੀਪ ਸਿੰਘ ਭੰਗਵ ਨੂੰ ਫੋਨ ਕਰੋ

HOMELIFE BENCHMARK REALTY CORPORATION

**Ph. Off: 594-4141**
Pager 438-2333 #1596
**Bench Mark Realty Corp.**
10 - 6830 King George HWY. Surrey


ਫੇਰੀ-ਦੇਊ ਦਿਮਾਗ ਕਾਇਮ ਹੈ, ਕੰਮ ਲਈ ਜਿਉਂਦੇ ਰਹਿਣ ਉਨ੍ਹਾਂ ਦੇ ਸ਼ਰਧਾਲੂ।

ਸਿੱਖਾਂ ਦੇ ਸਦੀਵੀ ਗੁਰੂ ਗ੍ਰੰਥ ਸਾਹਿਬ ਵਿਚ "ਖਤਰੀ ਬ੍ਰਾਹਮਣ ਸੂਦ ਵੈਸ, ਉਪਦੇਸ਼ ਚੌਂਹ ਵਰਨਾਂ ਕੋ ਸਾਂਝਾ" (ਸ਼ਬਦਾਵਲੀ ਗਲਤ ਹੋਣ ਦੀ ਸੂਰਤ ਖਿਮਾਂ ਦਾ ਜਾਚਕ ਹਾਂ) ਅੰਕਤ ਹੈ ਅਤੇ ਸਿਖਾਂ ਦੇ ਦਸੇ ਗੁਰੂ ਤੇ ਆਦਿ ਗ੍ਰੰਥ ਵਿਚ ਭਗਤ ਬਾਣੀ ਲਿਖਣ ਵਾਲੇ 36 ਭਗਤ ਵੀ ਹਰ ਜ਼ਾਤ, ਨਸਲ, ਸੰਪਰਦਾ ਨਾਲ ਸੰਬੰਧਤ ਹੈਨ, ਫੇਰ ਸਮਝ ਨਹੀਂ ਆਉਂਦੀ, ਖਾੜਕੂ ਸਿੰਘ ਹਿੰਦੂਆਂ ਨਾਲ ਏਨੀ ਨਫਰਤੀ-ਅੱਗ ਕਿਉਂ ਉਗਲਦੇ ਹੈਨ? ਕੀ ਇਹ ਗੁਰੂ ਦੀ ਸਿਧੀ ਹੁਕਮ-ਅਦੂਲੀ ਨਹੀਂ?

ਪੁਲਸ ਗੋਲੀਆਂ ਹੋਣ, ਖਾੜਕੂ ਗੋਲੀਆਂ ਹੋਣ ਤੇ ਭਾਵੇਂ ਲੋਟੂਆਂ ਦੀਆਂ, ਸੌ ਫੀਸਦੀ ਮਰਨ ਵਾਲਿਆਂ ਦਾ ਖੂਨ ਅਜਾਈਂ ਡੁਲ੍ਹ ਰਿਹਾ ਹੈ। ਸਰਕਾਰ ਤੇ ਖਾੜਕੂ ਆਪਣੇ ਆਪਣੇ ਨਿਸ਼ਾਨਿਆਂ ਤੋਂ ਕੋਹਾਂ ਦੂਰ ਜਾ ਰਹੇ ਹਨ, ਦੋਵਾਂ ਹੀ ਧਿਰਾਂ ਦੀਆਂ ਬੁਨਿਆਦਾਂ ਖੋਖਲੀਆਂ ਹੋ ਰਹੀਆਂ ਹਨ ਤੇ ਉਹ ਸਮਾਂ ਦੂਰ ਨਹੀਂ ਦੋਵੇਂ ਧਿਰਾਂ, ਚਾਰੋਂ ਸ਼ਾਨੇ ਚਿੱਤ ਡਿਗਣਗੀਆਂ ਕਿਉਂ ਜੋ ਜਨਤਾ-ਭਲਾਈ ਦੇ ਅਸਲ ਮੰਤਵ ਤੋਂ ਥਿੜਕ ਚੁਕੇ ਹਨ।

# The Manitoba Mirror

# ਮੈਨੀਟੋਬਾ ਦਰਪਣ

## V.I.P. SUPERMARKET

**Ph. 774-8671**

ਭਾਰਤੀ ਗਰੌਸਰੀ, ਤਾਜ਼ੀਆਂ ਸਬਜ਼ੀਆਂ,
ਬੱਕਰੇ ਦਾ ਤਾਜ਼ਾ ਮੀਟ, ਨਵੇਂ ਗਾਣਿਆਂ ਦੀਆਂ ਟੇਪਾਂ

ਗੋਲਗੱਪੇ ਅਤੇ ਸਮੋਸਾ ਮੇਕਰ
ਤੁਹਾਨੂੰ ਵੀ. ਆਈ. ਪੀ. ਸੁਪਰਮਾਰਕੀਟ ਤੋਂ ਹੀ
ਮਿਲ ਸਕਦੇ ਹਨ
ਸਭ ਤੋਂ ਪੁਰਾਣਾ ਗਰੌਸਰੀ ਸਟੋਰ ਜੋ 12 ਸਾਲ ਤੋਂ ਏਸੇ ਥਾਂ ਹੈ:

**V.I.P. SUPERMARKET**
739, Elice Ave. WINNIPEG, MAN.

## Moti Flour Industries

620 - Sophia St., SELKIRK — MAN.

**Ph. 204-482-4111**
**Or. 204-785-1054**

**100% ਡੁਰਮ ਕਣਕ ਦਾ ਆਟਾ**

ਵੇਸਣ, ਦਲੀਆ, ਮੱਕੀ ਦਾ ਆਟਾ ਹੋਲਸੇਲ ਕੀਮਤਾਂ ਉਤੇ

GRIND YOUR OWN MASALA

ਆਟਾ ਤੁਹਾਨੂੰ ਵੀ. ਆਈ. ਪੀ. ਸੁਪਰਮਾਰਕਿਟ ਤੋਂ ਵੀ ਮਿਲ ਸਕਦਾ ਹੈ

## Bombay Fashions & Fabrics

720 — SARGENT AVE. WINNIPEG, MAN. R3E 0B2 **PH. 783-0904**

ਵਿਨੀਪੈਗ ਸ਼ਹਿਰ ਵਿਚ ਨਵੇਂ ਨਵੇਂ ਲੇਟੈਸਟ ਡੀਜ਼ਾਇਨਾਂ ਅਤੇ ਭਾਰੀ ਵਰਾਇਟੀ ਦਾ
ਸਭ ਤੋਂ ਵੱਡਾ ਇਕੋ ਇਕ ਸਟੋਰ ਜਿਥੇ ਹਰ ਸਮੇਂ ਮਿਲਦੇ ਹਨ

- ਪੰਜਾਬੀ ਇਕ ਪੀਸ, ਦੋ ਪੀਸ ਤੇ ਤਿੰਨ ਪੀਸ ਸੂਟ
- ਹਰ ਤਰ੍ਹਾਂ ਦੀਆਂ ਇੰਡੀਆਂ ਦੀ ਸਿਲਕ ਦੀਆਂ ਅਤੇ ਜਾਪਾਨੀ ਸਾੜ੍ਹੀਆਂ
- ਵਿਆਹ ਸ਼ਾਦੀ ਦਾ ਸਾਰਾ ਸਮਾਨ ਲਹਿੰਗੇ, ਸੂਟ ਅਤੇ ਸਾੜ੍ਹੀਆਂ ਵੀ
- ਹਿੰਦੁਸਤਾਨੀ ਹਾਰ ਸ਼ਿੰਗਾਰ ਦਾ ਸਾਰਾ ਸਮਾਨ
- ਬੱਚਿਆਂ ਲਈ ਫੈਨਸੀ ਲਹਿੰਗੇ ਸੂਟ
- ਆਦਮੀਆਂ ਅਤੇ ਮੁੰਡਿਆਂ ਲਈ ਰੈਡੀਮੇਡ ਕੁੜਤੇ ਪਜਾਮੇ
- ਲੇਡੀਜ ਦੇ ਰੈਡੀਮੇਡ ਸੂਟ
- ਸ਼ਾਲ ਅਤੇ ਬਹੁਤ ਵਰਾਇਟੀ ਵਿਚ ਗੋਟਾ-ਕਿਨਾਰੀ

ਕੁਆਲਿਟੀ ਵਧੀਆ ਅਤੇ ਕੀਮਤਾਂ
ਬਿਲਕੁਲ ਵਾਜਬ
ਆਉ ਤੇ ਅਜ਼ਮਾ ਕੇ ਦੇਖੋ !!

**ਬੰਬੇ ਫੈਸ਼ਨਜ਼ ਅਤੇ ਫੈਬਰਿਕਸ**



## NORTH AMERICAN LIFE ASSURANCE CO.

**To Your Needs Which You Can Afford**

ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ਼ੀਦਣ ਲਈ



**Sukhjinder S. Dhillon**
**Res: 669-2573**

**ਰਾਜ ਸਿੰਘ ਮਾਨ**
ਜਾਂ
**ਸੁਖਜਿੰਦਰ ਸਿੰਘ ਢਿੱਲੋਂ**
ਨੂੰ ਮਿਲੋ

● ਲਾਈਫ ਇਨਸ਼ੋਰੈਂਸ ● ਗਰੁੱਪ ਇਨਸ਼ੋਰੈਂਸ ● ਮਾਰਗੇਜ ਇੰਨਸ਼ੋਰੈਂਸ
● ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ

■ Personal ■ Children's ■ Group ■ Annuities

**Ph. 943-1526**

1507 - 330 Portage Ave. WINNIPEG, MAN. R3C 0C4



**Raj Singh Maan** Sales Manager
**Res. 694-0731**
Commissioner for oaths




# 'ਚੰਨ ਪ੍ਰਦੇਸੀ' ਦੀ ਕੰਮੋ (ਰਮਾ ਵਿੱਜ) ਜਗਜੀਤ ਚੂਹੜਚੱਕੀਏ ਨਾਲ ਵੈਨਕੂਵਰ ਵਿਚ

ਉਤਰੀ ਅਮਰੀਕਾ ਦੇ ਪੰਜਾਬੀਆਂ ਲਈ ਇਹ ਬੜੇ ਮਾਣ ਦੀ ਗੱਲ ਹੈ ਕਿ ਅਗਲੇ ਤਿੰਨ ਮਹੀਨਿਆਂ ਦੌਰਾਨ ਪ੍ਰਸਿਧ ਨਿਰਦੇਸ਼ਕ ਜਗਜੀਤ ਇਥੇ ਦੇ ਲਗਪਗ ਹਰ ਸ਼ਹਿਰ ਵਿਚ ਆਪਣੀ ਟੋਲੀ ਦੇ ਕਲਾਕਾਰਾਂ ਨਾਲ ਪੰਜਾਬੀਅਤ ਨੂੰ ਪ੍ਰਫੁੱਲਤ ਕਰਨ ਲਈ ਸ਼ੋਅ ਦੇ ਰਿਹਾ ਹੈ। ਜਗਜੀਤ ਆਪ ਵੀ ਪੰਜਾਬੀ ਦਾ ਪ੍ਰਸਿਧ ਕਹਾਣੀਕਾਰ ਹੈ। ਉਸ ਦੇ ਨਾਲ ਪੰਜਾਬੀ ਫਿਲਮਾਂ 'ਚ ਧੁੰਮਾਂ ਪਾਉਣ ਵਾਲੀ ਰਮਾ ਵਿੱਜ ਵੀ ਹੈ ਜਿਸਦੀ 'ਚੰਨ ਪ੍ਰਦੇਸੀ' ਨੇ ਉਸਨੂੰ ਸਮਿਤਾ ਪਾਟਿਲ ਦੇ ਬਰਾਬਰ ਦੀ ਕਲਾਕਾਰ ਸਿਧ ਕਰ ਦਿੱਤਾ। ਡਾ: ਸੁਰਿੰਦਰ ਸ਼ਰਮਾ ਕਾਮੇਡੀਅਨ, ਗੁਣਾਂ ਦੀ ਗੁਥਲੀ ਸਰੂਪ ਪਰਿੰਦਾ ਤੇ ਕਾਮੇਡੀਅਨ ਟੁਨਟੁਨ (ਅਫਸਾਨਾ ਲਿਖ ਰਹੀ ਹੂੰ ਦਿਲੇ ਬੇਕਰਾਰ ਕਾ' ਦੀ ਉਮਾ ਦੇਵੀ) ਤੇ ਪੰਜਾਬੀ ਦੇ ਦੋ ਪ੍ਰਸਿਧ ਲੋਕਗੀਤ ਗਾਇਕ ਦੀਦਾਰ ਸੰਧੂ ਤੇ ਸੁਸ਼ਮਾ ਵੀ ਇਸ ਸ਼ੋਅ ਦੇ ਪ੍ਰਸਿਧ ਕਲਾਕਾਰ ਹਨ।

ਐਬਟਸਫੋਰਡ ਵਿਚ ਕੀਤੇ ਐਤਵਾਰ ਦੇ ਸ਼ੋਅ ਨੇ ਹੀ ਸਾਬਤ ਕਰ ਦਿੱਤਾ ਹੈ ਕਿ ਇਹ ਕਲਾਕਾਰ ਆਪਣੀ ਵੱਖਰੀ ਵੰਨਗੀ ਲੈ ਕੇ ਪੇਸ਼ ਹੋ ਰਹੇ ਹਨ। 'ਕੈਨੇਡਾ ਦਰਪਣ' ਦੇ ਅਗਲੇ ਅੰਕਾਂ ਵਿਚ ਇਨ੍ਹਾਂ ਕਲਾਕਾਰਾਂ ਬਾਰੇ ਵਿਸਥਾਰ ਨਾਲ ਮੁਲਾਕਾਤਾਂ ਦਿੱਤੀਆਂ ਜਾਣਗੀਆਂ —



ਕੰਮੋ (ਰਮਾ ਵਿੱਜ) ਤੇ ਫਿਲਮ 'ਪੁੱਤ ਜੱਟਾਂ' ਦੇ ਤੇ 'ਪਟੋਲਾ' ਦੇ ਨਿਰਦੇਸ਼ਕ ਜਗਜੀਤ



'ਅਫ਼ਸਾਨਾ ਲਿਖ ਰਹੀ ਹੂੰ' — ਟੁਨਟੁਨ



ਹਾਸਿਆਂ ਦੀ ਛਣਕਾਰ — ਸਰੂਪ ਪਰਿੰਦਾ



ਅਸਲੀ ਕਲਾਕਾਰ — ਸੁਰਿੰਦਰ ਸ਼ਰਮਾ



ਢੋਲਕੀ ਮਾਸਟਰ — ਮਾਲੀ ਰਾਮ



ਗਾਇਕਾ — ਸੁਸ਼ਮਾ



ਗਾਇਕ ਦੀਦਾਰ ਸੰਧੂ

**SALE!**

# Ambika

**5125 Victoria Drive, Vancouver, B.C.**

# Anniversary

## SALE STARTS FROM 25th

| | | | | |
|---|---|---|---|---|
| ATTA | Atta<br>ਫਰੀਨ ਆਟਾ<br>10 kg. 4.99 | Chana Flour<br>ਬੇਸਣ<br>2 kg. 1.89 | All Purpose Flour<br>ਮੈਦਾ<br>10 kg. 4.99 | SPICES |
| OIL | Veg. Oil<br>ਵੈਜੀਟੇਬਲ ਤੇਲ<br>3 lit 2.39 | Sun Flower Oil ਸਨ-ਫਲਾਵਰ ਤੇਲ<br>3 lit 2.99 | Mazola Oil<br>ਮਜੌਲਾ ਤੇਲ<br>3 lit 4.99 | Haldi<br>ਹਲਦੀ<br>89¢ lb. |
| MEAT | Chicken Legs<br>ਚਿਕਨ ਲਿਗਜ਼<br>79¢ lb | Lamb Chops<br>ਲੈਂਬ ਚੌਪ<br>99¢ lb | Chicken Wings<br>ਚਿਕਨ ਵਿੰਗਜ਼<br>99¢ lb | Mirch<br>ਮਿਰਚ<br>89¢ lb. |
| EXTRA | Pick Me Up Sauce<br>ਪਿਕ ਮੀ ਅਪ ਸੌਸ<br>99¢ Bottle | Pure Ceylon Tea<br>ਵਧੀਆ ਸੀਲੋਨ ਚਾਹ<br>99¢ Box 250 Gm | Rooh Afza<br>Hamadard<br>ਰੂਹ ਅਫਜ਼ਾ<br>1.99 Bottle | Dhania<br>ਧਨੀਆ<br>99¢ lb. |
| RICE | Long Grain Rice<br>ਲੌਂਗ ਗਰੇਨ ਚਾਵਲ<br>20 kg. 11.89 | Basmati Rice<br>ਬਾਸਮਤੀ ਚਾਵਲ<br>79¢ lb. | | Jeera<br>ਜ਼ੀਰਾ<br>1.89 lb. |

**Cash & Carry No Cheques**

# Foods

## Ph. 327-0295

# Sale

ਸੇਲ!

## JUNE TO ENDS OF JULY

| | | | | | |
|---|---|---|---|---|---|
| CAN PRODUCT | Tinda (Amrit Brand) ਟੀਂਡਾ 79¢ Tin | Karela ਕਰੇਲਾ 79¢ can | Zimikand ਜ਼ਿਮੀਕੰਦ 79¢ can | Pachranga Achar ਪਚਰੰਗਾ ਆਚਾਰ 99¢ can 800 gm. | Mango Pickle (Amrit Brand) ਅੰਬ ਦਾ ਆਚਾਰ 1.99 800 gm. can |
| DAIRY & FROZEN | Milk ਦੁੱਧ 2.99 4 lit | Butter Milk ਦਹੀਂ 89¢ 1 lit. | Frozen Kasawa ਫਰੋਜ਼ਨ ਕਸਾਵਾ 69¢ Packet | Coconut Cream ਕੋਕੋਨਟ ਕਰੀਮ 39¢ Packet | |
| NUTS | Almonds ਬਦਾਮ 1.99 lb. | Pista ਪਿਸਤਾ 3.99 lb. | Kashew ਕਾਜੂ 5.89 lb. | Peanuts ਮੂੰਗਫਲੀ 59¢ lb. | |
| BEANS & DALS | Kabuli Chana ਕਾਬਲੀ ਛੋਲੇ 39¢ lb. | Black Chana ਕਾਲੇ ਛੋਲੇ 9¢ lb. | Manh ਮਾਂਹ 39¢ lb. | Massar ਮਸਰ 29¢ lb. | |
| Peas ਮਟਰ 19¢ | Grind Your Own Masala (Extra charge) | | | | |

RIGHT TO LIMIT QUANTITY & CHANGE
PRICES WITHOUT NOTIC

# GILL VANS

## Special Sale

ਸਪੈਸ਼ਲ

ਸੇਲ

| | | |
|---|---|---|
| Full Interior | $695.00 | & Up |
| Sofa Bed | $450.00 | & Up |
| Captin Chair | $225.00 | & Up |
| Bench Seat | $350.00 | & Up |
| Raised Roof Installed | From $850.00 | & Up |

## ਫਾਰਮ ਵੈਨਾਂ ਦੀਆਂ ਸੀਟਾਂ ਲਈ
## ਸਪੈਸ਼ਲ ਦੋ ਵੀਕਾਂ ਲਈ ਸੇਲ

**4 ਸੀਟਾਂ $1000 5 ਸੀਟਾਂ $1250**

ਸਸਤੀਆਂ ਕਾਰਾਂ ਲੈਣ ਲਈ ਗਿੱਲ ਆਟੋ ਸੇਲਜ਼ 'ਤੇ ਪੁਜੋ ਜਾਂ
ਫ਼ੋਨ ਕਰੋ :

**CALL 522-2122 COLLECT**

# GILL AUTO SALES




7762 - Edmonds St., Burnaby, B.C.

DLR #8220

OPEN MON.—FRI. 9 AM-8 PM — SAT. 9 AM-6 PM — SUN. 10 AM-4 PM